ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧੨ ਫੱਗਣ ਸੰਨ ੨੦੨੬ Monday, 23 Feburay

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



# ਗੁਰਬਾਣੀ ਗਾਵਹ ਭਾਈ

ਗੁਰਬਾਣੀ ਗੁਰਸਿੱਖ ਦਾ ਜੀਵਨ ਆਧਾਰ ਹੈ। ਗੁਰਬਾਣੀ ਗਿਆਨ ਹੈ , ਜੀਵਨ ਜਾਚ ਹੈ , ਪ੍ਰੇਰਨਾ ਹੈ , ਅੰਤਰ ਦਾ ਪ੍ਰਕਾਸ਼ ਹੈ, ਆਤਮਿਕ ਚੇਤਨਾ ਦਾ ਅੰਮ੍ਰਿਤ ਹੈ । ਗੁਰੂ ਨਾਨਕ ਸਾਹਿਬ ਨੇ ਬਾਣੀ ਰਾਹੀਂ ਮਨੁੱਖਤਾ ਨਾਲ ਸੰਵਾਦ 'ਤੇ ਉੱਧਾਰ ਦੀ ਪਰੰਪਰਾ ਸਥਾਪਿਤ ਕੀਤੀ ਜੋ ਨਿਰੰਤਰ ਅੱਗੇ ਵੱਧਦੀ ਗਈ ਹੈ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਬਾਣੀ ਦਾ ਅਨਮੋਲ ਖਜਾਨਾ ਬਖਸ਼ਣ ਦਾ ਮਹਾਨ ਉਪਕਾਰ ਕੀਤਾ " ਭਗਤਿ ਭੰਡਾਰ ਗੁਰਬਾਣੀ ਲਾਲ " । ਗੁਰਬਾਣੀ ਆਤਮਿਕ ਆਨੰਦ ਤੇ ਤ੍ਰਿਪਤੀ ਦਾ ਸਦੀਵੀ ਸ੍ਰੋਤ ਬਣ ਗਈ " ਗਾਵਤ ਸੁਨਤ ਕਮਾਵਤ ਨਿਹਾਲ " । ਗੁਰਬਾਣੀ ਪੜ੍ਹਨਾ , ਸੁਣਨਾ ਗੁਰਸਿੱਖ ਦਾ ਨਿਤਨੇਮ ਹੈ। ਸਿੱਖ ਪੰਥ ਦੀ ਵਿਧੀਵਤ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਅਨੁਸਾਰ " ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ - ਮੇਲੇ ਦੇ ਅਸਥਾਨਾਂ - ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿੱਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ " । ਅੱਜ ਪੂਰੇ ਵਿਸ਼ਵ ਵਿੱਚ ਤੇਜੀ ਨਾਲ ਗੁਰਦੁਆਰਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇੱਕ ਇੱਕ ਪਿੰਡ ਵਿੱਚ ਹੀ ਇੱਕ ਤੋਂ ਜਿਆਦਾ ਗੁਰਦੁਆਰੇ ਮਿਲ ਜਾਣਗੇ। ਗੁਰਦੁਆਰਿਆਂ ਵਿੱਚ ਬਾਕਾਇਦਾ ਨਿਯੁਕਤ ਕੀਤੇ ਗਏ ਰਾਗੀ ਜੱਥੇ ਗੁਰਬਾਣੀ ਦਾ ਗਾਇਨ ਕਰਦੇ ਹਨ। ਇਸ ਨੂੰ ਕੀਰਤਨ ਦਾ ਨਾਮ ਦਿੱਤਾ ਗਿਆ ਹੈ। ਸਿੱਖ ਰਹਿਤ ਮਰਯਾਦਾ ਗੁਰਬਾਣੀ ਗਾਇਨ ਲਈ ਕੀਰਤਨ ਸ਼ਬਦ ਵਰਤਿਆ ਗਿਆ ਹੈ ਅਤੇ ਮੁੱਢਲੀ ਮਰਿਆਦਾ ਦਾ ਜਿਕਰ ਕੀਤਾ ਗਿਆ ਹੈ । ਇਸ ਅਨੁਸਾਰ " ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਨੂੰ ਕਹਿੰਦੇ ਹਨ " । ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਅੰਗ ੧੪ ਤੋਂ ਅੰਗ ੧੩੫੩ ਤੱਕ ਸੁਸ਼ੋਭਿਤ ਬਾਣੀ ਰਾਗ ਅਧਾਰਤ ਹੈ। ਬਾਣੀ ਕੁੱਲ ੩੧ ਰਾਗਾਂ ਵਿੱਚ ਹੈ। ਇਹ ਵੱਖ ਹੈ ਕਿ ਜਿਆਦਾਤਰ ਗੁਰਦੁਆਰਿਆਂ ਵਿੱਚ ਗੁਰਬਾਣੀ ਦਾ ਗਾਇਨ ਸਬੰਧਤ ਰਾਗਾਂ ਦੇ ਅਧੀਨ ਨਹੀਂ ਹੋ ਰਿਹਾ ਪਰ ਫਿਰ ਵੀ ਉਸ ਨੂੰ ਕੀਰਤਨ ਦੇ ਰੂਪ ਵਿੱਚ ਸਵੀਕਾਰ ਕੀਤਾ ਜਾ ਰਿਹਾ ਹੈ। ਜਿਆਦਾਤਰ ਰਾਗੀ ਜੱਥੇ ਆਪੋ ਆਪਣੇ ਢੰਗ ਨਾਲ ਸ਼ਬਦਾਂ ਨੂੰ ਸੁਰ ਦੇ ਕੇ ਮਨੋਹਰਨ ਬਣਾਉਣ ਦਾ ਜਤਨ ਕਰਦੇ ਰਹਿੰਦੇ ਹਨ। ਰਾਗਾਂ ਦੀ ਸਮਝ ਨਾ ਹੋਣ ਕਾਰਨ ਸੰਗਤ ਉਸ ਨੂੰ ਸਵੀਕਾਰ ਕਰਦੀ ਆ ਰਹੀ ਹੈ। ਗੁਰੂ ਰਾਮਦਾਸ ਸਾਹਿਬ ਨੇ ਵਚਨ ਕੀਤਾ ਸੀ " ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ " । ਬਾਣੀ ਨੂੰ ਰਾਗ ਬੱਧ ਕਰਨ ਪਿੱਛੇ ਇੱਕ ਨਿਸ਼ਚਿਤ ਸਿਧਾਂਤ ਸੀ ਗੁਰਸਿੱਖ ਦੇ ਅੰਤਰ ਵਿਚ ਅਨਹਦ ਨਾਦ ਜਾਗ੍ਰਤ ਕਰਨ ਦਾ " ਗੁਰ ਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ " ਪਰ ਰਾਗਾਂ ਤੋਂ ਅਵੇਸਲੇ ਹੋਣ ਕਾਰਨ ਗੁਰਸਿੱਖ ਅੱਜ ਉਸ ਪਰਮ ਦਾਤ ਤੋਂ ਵਾਂਝਾ ਹੋ ਰਿਹਾ ਹੈ। ਗੁਰਬਾਣੀ ਰਾਹੀਂ ਗੁਰੂ ਸਾਹਿਬਾਨ ਗੁਰੂ ਦੇ ਜਿਸ ਸਵਰੂਪ ਦੇ ਦਰਸ਼ਨ ਕਰਾਉਣਾ ਚਾਹੁੰਦੇ ਹਨ , ਜਿਸ ਅੰਮ੍ਰਿਤ ਨਾਲ ਨਿਵਾਜਣਾ ਚਾਹੁੰਦੇ ਹਨ ਉਸ ਤੋਂ ਦੂਰ ਹੋਣ ਕਾਰਨ ਗੁਰਸਿੱਖ ਨਿਤ ਗੁਰਬਾਣੀ ਸਰਵਣ ਕਰਨ ਤੋਂ ਬਾਅਦ ਵੀ ਅਤ੍ਰਿਪਤ ਹੀ ਰਹਿ ਰਿਹਾ ਹੈ। ਗੁਰੂ ਨਾਨਕ ਸਾਹਿਬ ਦਾ ਵਚਨ ਸੀ ਕਿ ਬਾਣੀ ਨੂੰ ਪੜ੍ਹਨ , ਸੁਣਣ ਦੇ ਨਾਲ ਹੀ ਵਿਚਾਰਨਾ ਵੀ ਹੈ " ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ " ।

ਕੀਰਤਨ ਸਰਵਣ ਕਰਨਾ ਗੁਰਬਾਣੀ ਨੂੰ ਵਿਚਾਰਨ ਦਾ ਅਉਸਰ ਵੀ ਹੈ। ਗੁਰਬਾਣੀ ਆਪਣੇ ਆਪ ਵਿੱਚ ਇੱਕ ਗੰਭੀਰ ਵਿਚਾਰ ਹੈ " ਸਬਦੁ ਗੁਰ ਪੀਰਾ ਗਹਿਰ ਗੰਭੀਰਾ " । ਗੁਰਬਾਣੀ ਦਾ ਵਿਚਾਰ ਨਾ ਕਰਨਾ ਸ਼ਬਦ ਗੁਰੂ ਦਾ ਅਨਾਦਰ ਹੀ ਕਿਹਾ ਜਾਵੇਗਾ। ਰਾਗ ਬਾਣੀ ਦੀ ਗੰਭੀਰਤਾ ਨੂੰ ਪ੍ਰਗਟ ਕਰਦੇ ਹਨ ਤੇ ਮਨ ਨੂੰ ਗੰਭੀਰਤਾ ਧਾਰਨ ਕਰਨ ਲਈ ਤਿਆਰ ਕਰਦੇ ਹਨ। ਬਿਨਾ ਰਾਗਾਂ ਦੇ ਗਾਇਨ ਕੀਤੀ ਜਾ ਰਹੀ ਬਾਣੀ ਕੁੱਝ ਸਮੇਂ ਲਈ ਮਨ ਨੂੰ ਬੰਨ ਤਾਂ ਸਕਦੀ ਹੈ ਪਰ ਮਨ ਅੰਦਰ ਵੱਸ ਜਾਵੇ ਇਹ ਸੰਭਵ ਨਹੀਂ ਹੁੰਦਾ । ਬਿਨਾ ਰਾਗ ਦੇ ਸ਼ਬਦ ਗਾਇਨ ਆਮ ਤੌਰ ਤੇ ਮਨ ਨੂੰ ਧੁੰਨ , ਸ਼ੈਲੀ ਤੇ ਆਵਾਜ ਵਿੱਚ ਕੈਦ ਕਰ ਲੈਂਦਾ ਹੈ , ਸ਼ਬਦ ਦੇ ਸਾਰ ਤੱਤ ਤੱਕ ਪੁੱਜਣ ਹੀ ਨਹੀਂ ਦਿੰਦਾ। ਇਹ ਮੁੱਖ ਕਾਰਨ ਹੈ ਕਿ ਖਾਸ ਰਾਗੀ ਜੱਥਿਆਂ ਤੋਂ ਖਾਸ ਸ਼ਬਦਾਂ ਦੇ ਗਾਇਨ ਦੀ ਮੰਗ ਕਰਦਿਆਂ ਅਕਸਰ ਵੇਖਿਆ ਜਾਂਦਾ ਹੈ ਜਬਕਿ ਹਰ ਸ਼ਬਦ ਹੀ ਅਣਮੋਲ ਪ੍ਰੇਰਣਾ ਹੈ । ਗੁਰਬਾਣੀ ਧੁਰ ਕੀ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਜੋਤ ਮੰਨਿਆ ਗਿਆ ਹੈ। ਇਸ ਦ੍ਰਿਸ਼ਟੀ ਨਾਲ ਪੂਰੀ ਗੁਰਬਾਣੀ ਦੀ ਮਹੱਤਤਾ ਇੱਕ ਸਮਾਨ ਤਲ ਪ੍ਰਾਪਤ ਕਰ ਲੈਂਦੀ ਹੈ। ਪਰ ਸਿੱਖ ਰਹਿਤ ਮਰਯਾਦਾ ਵਿੱਚ ਗੁਰੂ ਅਮਰਦਾਸ ਸਾਹਿਬ ਦੀ ਬਾਣੀ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਨੂੰ ਖਾਸ ਮਾਨਤਾ ਦਿੱਤੇ ਗਈ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ " ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸਾਦਿ ਲਿਆ ਕੇ ਅਨੰਦ ਸਾਹਿਬ ( ਛੇ ਪਉੜੀਆਂ ) ਦਾ ਪਾਠ ਕਰ ਕੇ ਅਰਦਾਸ ਮਗਰੋਂ ਹੁਕਮ ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸਾਦਿ ਹੋਵੇ , ਫੇਰ ਅਨੰਦ ਸਾਹਿਬ ( ਛੇ ਪਉੜੀਆਂ ) ਦਾ ਪਾਠ ਕਰਨ ਮਗਰੋਂ ਅਰਦਾਸ ਕਰ ਕੇ ਅਤੇ ਹੁਕਮ ਲੈ ਕੇ ਪਾਠ ਆਰੰਭ ਕੀਤਾ ਜਾਵੇ" । ਗੁਰਸਿੱਖ ਨੇ ਜਪੁ ਸਾਹਿਬ ਦਾ ਪਾਠ ਕਰਨਾ ਹੈ ਤਾਂ ਵੀ " ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ ( ਪਹਿਲੀਆਂ ਪੰਜ ਪਉੜੀਆਂ ਤੇ ਇੱਕ ਅੰਤਲੀ ਪਉੜੀ ) ਦੇ ਪਾਠ ਮਗਰੋਂ ਅਰਦਾਸਾ ਕਰ ਕੇ ਹੁਕਮ ਲੈਣਾ ਚਾਹੀਦੇ। ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਦੇ " । ਇਹ ਰਹਿਤ ਸਾਧਾਰਨ ਪਾਠ ਸਿਰਲੇਖ ਅੰਦਰ ਦਿੱਤੀ ਗਈ ਹੈ। ਇਹ ਮਰਿਆਦਾ ਬਣ ਗਈ ਹੈ ਕਿ ਗੁਰਦੁਆਰੇ ਵਿੱਚ ਹਰ ਦੀਵਾਨ ਦੀ ਸਮਾਪਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਪੜ੍ਹਨ ਤੋਂ ਬਾਅਦ ਹੀ ਹੁੰਦੀ ਹੈ ਉਸ ਤੋਂ ਬਾਅਦ ਅਰਦਾਸ ਅਤੇ ਹੁਕਮ ਲਿਆ ਜਾਂਦਾ ਹੈ।ਦੀਵਾਨ ਕਿਸੇ ਵੀ ਮਨੋਰਥ ਹਿੱਤ ਸਜਾਇਆ ਗਿਆ ਹੋਵੇ , ਸਮਾਂ ਕੋਈ ਵੀ ਹੋਵੇ ਸਮਾਪਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਨਾਲ ਹੀ ਹੁੰਦੀ ਹੈ । ਇਹ ਬਾਣੀ ਕਿਉਂ ਖਾਸ ਹੈ ਇਸ ਨੂੰ ਵਿਚਾਰਨ ਦੀ ਲੋੜ ਹੈ।ਕੁੱਝ ਦਾ ਖਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਵਿੱਚੋਂ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਨੂੰ ਪੂਰੀ ਸੋਚ ਵਿਚਾਰ ਤੋਂ ਬਾਅਦ ਚੁਣ ਕੇ ਮਹੱਤਵਪੂਰਨ ਸਮਝਿਆ ਗਿਆ। ਅਨੰਦ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੯੧੭ ਤੋਂ ਅੰਗ ੯੨੨ ਤੱਕ ਸੁਸ਼ੋਭਿਤ ਹੈ। ਸਿਰਲੇਖ ਪ੍ਰਾਪਤ ਕੁੱਝ ਬਾਣੀਆਂ ਵਿੱਚੋਂ ਇਹ ਇੱਕ ਹੈ ਜਿਸ ਦਾ ਸਿਰਲੇਖ " ਅਨੰਦੁ " ਹੈ। ਇਸ ਵਿਚ ੪੦ ਪਉੜੀਆਂ ਹਨ। ਇਹ ਬਾਣੀ ਰਾਮਕਲੀ ਰਾਗ ਅਧੀਨ ਉਚਾਰੀ ਗਈ ਹੈ। ਰਾਗ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਸੰਗੀਤ ਅਨੁਸਾਰ ਅਜਿਹਾ ਸੁਰ ਪ੍ਰਬੰਧ ਕਿਹਾ ਹੈ ਜਿਸ ਨੂੰ ਸੁਣ ਕੇ ਮਨ ਵਿੱਚ ਪ੍ਰੇਮ ਉਪਜੈ। ਰਾਮਕਲੀ ਰਾਗ ਦਾ ਸਵੇਰੇ ਦੇ ਰਾਗਾਂ ਵਿੱਚ ਮੁੱਖ ਅਸਥਾਨ ਹੈ। ਇਹ ਰਾਗ ਮਨ ਨੂੰ ਪਹਿਲਾਂ ਬੰਨਦਾ ਹੈ ਫਿਰ ਅੰਮ੍ਰਿਤ ਬਰਖਾ ਨਾਲ ਨਿਹਾਲ ਕਰਦਾ ਹੈ। ਇਹ ਭੈਰਵ ਥਾਟ ਦਾ ਰਾਗ ਹੈ। ਇਸ ਦੇ ਗਾਇਨ ਵਿੱਚ ਕੋਮਲ , ਤੀਵ੍ਰ ਮੱਧਮ ਅਤੇ ਕੋਮਲ ਨਿਸ਼ਾਦ ਸੁਰ ਲੱਗਦੇ ਹਨ। ਵਿਦਵਾਨਾਂ ਅਨੁਸਾਰ ਇਸ ਰਾਗ ਤੋਂ ਸ਼ਾਂਤੀ , ਭਗਤੀ ਅਤੇ ਦਇਆ ਰਸ ਪੈਦਾ ਹੁੰਦਾ ਹੈ। ਇਹ ਸੱਚ ਨਾਲ ਜੋੜ ਕੇ ਭਗਤੀ ਭਾਵ ਪੈਦਾ ਕਰਨ ਵਾਲਾ ਹੈ।ਗੁਰੂ ਅਮਰਦਾਸ ਸਾਹਿਬ ਦੀ ਬਾਣੀ ਅਨੰਦ ਦਾ ਆਰੰਭ ਹੀ ਅੰਮ੍ਰਿਤ ਬਰਖਾ ਤੋਂ ਹੁੰਦਾ ਹੈ " ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ " ।

ਇਹ ਪਾਵਨ ਪੰਕਤੀ ਗੁਰਸਿੱਖ ਦੇ ਮਨ ਅੰਦਰ ਵਿਚਾਰ ਦ੍ਰਿੜ੍ਹ ਕਰਦੀ ਹੈ ਕਿ ਸਤਿਗੁਰੂ ਨਾਲ ਮੇਲ ਆਨੰਦ ਪੈਦਾ ਕਰਨ ਵਾਲਾ ਹੈ , ਸਾਰੇ ਦੁੱਖਾਂ , ਚਿੰਤਾਵਾਂ ਤੋਂ ਮੁਕਤ ਕਰ ਅਚਿੰਤ ਹੀ ਨਹੀਂ ਪ੍ਰਫੁੱਲਿਤ ਕਰਨ ਵਾਲਾ ਹੈ।ਜਿਸ ਗੁਰਸਿੱਖ ਨੇ ਸਾਧ ਸੰਗਤ ਕੀਤੀ ਹੈ , ਸ਼ਬਦ ਗੁਰੂ ਨਾਲ ਮਨ ਜੋੜਿਆ ਹੈ ਉਸ ਨੂੰ ਇਸ ਮੇਲ ਤੋਂ ਪ੍ਰਾਪਤ ਆਨੰਦ ਦਾ ਅਹਿਸਾਸ ਵੀ ਹੋਣਾ ਚਾਹੀਦੇ। ਗੁਰਬਾਣੀ ਨਾਲ ਜੁੜਨ ਦਾ ਮਨੋਰਥ ਅਗਲੀ ਪੰਕਤੀ ਵਿੱਚ ਗੁਰੂ ਅਮਰਦਾਸ ਸਾਹਿਬ ਨੇ ਪ੍ਰਗਟ ਕੀਤਾ " ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ " । ਗੁਰੂ ਨਾਲ ਮੇਲ , ਗੁਰ ਸ਼ਬਦ ਦਾ ਮਨ ਅੰਦਰ ਵੱਸਣਾ ਸਹਿਜ ਅਵਸਥਾ ਦਾ ਜਨਕ ਹੈ ਜਿਸ ਨੂੰ ਪਰਮ ਅਵਸਥਾ ਮੰਨਿਆ ਗਿਆ ਹੈ। ਸਹਿਜ ਅਵਸਥਾ ਦੀ ਨਿਸ਼ਾਨੀ ਮਨ ਅੰਦਰ ਅਨਹਦ ਨਾਦ ਦਾ ਵੱਜਣ ਲੱਗ ਪੈਣਾ ਹੈ। ਮਨ ਅਪਾਰ ਸੰਤੋਖ ਅਤੇ ਤੀਰਪਤੀ ਦਾ ਅਨੁਭਵ ਕਰਦਾ ਹੈ। ਇਸ ਪ੍ਰੇਰਕ ਸੂਤਰ ਵਾਕ ਨਾਲ ਜੋੜ ਕੇ ਗੁਰੂ ਅਮਰਦਾਸ ਸਾਹਿਬ ਨੇ ਪਰਮਾਤਮਾ ਦੀ ਵਡਿਆਈ ਦੇ ਦਰਸ਼ਨ ਕਰਾਏ ਤੇ ਸਮਰਪਿਤ ਹੋ ਕੇ ਭਗਤੀ ਕਰਨ ਦਾ ਫਲ ਦੱਸਿਆ " ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਇਆ " ।

ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਪਉੜੀਆਂ ਤੇ ਅੰਤਮ ਇੱਕ ਪਉੜੀ ਵਿੱਚ ਸੁਨਣ ਅਤੇ ਮਨ ਅੰਦਰ ਵਸਾਉਣ ਦੀ ਹੀ ਗੱਲ ਕੀਤੀ ਗਈ ਹੈ। ਜਦੋਂ ਵੀ ਗੁਰਸਿੱਖ ਗੁਰ ਸ਼ਬਦ ਨਾਲ ਜੁੜ ਕੇ ਪੈਦਾ ਹੋਈ ਆਤਮਿਕ ਅਵਸਥਾ ਤੋਂ ਉਬਰ ਕੇ ਵਿਵਹਾਰਕ ਅਵਸਥਾ ਆਵੇ ਇੱਕ ਸਪਸ਼ਟ ਪ੍ਰੇਰਨਾ , ਸੇਧ ਆਪਣੇ ਚੇਤਨ , ਅਵਚੇਤਨ ਮਨ ਵਿੱਚ ਧਾਰਨ ਕੀਤੀ ਹੋਵੇ ਜੋ ਉਸ ਨੇ ਅੰਤ ਵਿਚ ਸ੍ਰਵਨ ਕੀਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਤੋਂ ਪ੍ਰਾਪਤ ਕੀਤੀ ਹੈ। ਇਨ੍ਹਾਂ ਛੇ ਪਉੜੀਆਂ ਵਿੱਚ ਗੁਰ ਸ਼ਬਦ ਦਾ ਸਾਰ ਨਿਹਿਤ ਹੈ ਜਿਸ ਨੂੰ ਅੰਤਮ ਸੁਨੇਹਾ ਵੀ ਕਿਹਾ ਜਾ ਸਕਦਾ ਹੈ। ਪਰ ਅੱਜ ਦੇ ਹਾਲਾਤ ਕੁੱਝ ਹੋਰ ਹੀ ਬਣ ਗਏ ਹਨ। ਅਰਦਾਸ ਤੋਂ ਪਹਿਲਾਂ ਛੇ ਪਉੜੀਆਂ ਅਨੰਦ ਸਾਹਿਬ ਦੇ ਗਾਇਨ ਨੂੰ ਪੂਰੀ ਤਰਹ ਰਸਮੀ ਬਣਾ ਦਿੱਤਾ ਗਿਆ ਹੈ। ਇਵੇਂ ਤੇ ਇਤਨੀ ਗਤੀ ਨਾਲ ਗਾਇਨ ਕੀਤਾ ਜਾਂਦਾ ਹੈ ਕਿ ਇੱਕ ਪੰਕਤੀ ਹੀ ਸੁਣੀ , ਸਮਝੀ ਨਹੀਂ ਗਈ ਹੁੰਦੀ ਕਿ ਰਾਗੀ ਸਿੰਘ ਅਗਲੀ ਤੀਜੀ , ਚੌਥੀ ਪੰਕਤੀ ਤੇ ਪੁੱਜ ਚੁਕੇ ਹੁੰਦੇ ਹਨ। ਇਵੇਂ ਲੱਗਦਾ ਹੈ ਕਿ ਅਨੰਦ ਸਾਹਿਬ ਕਿਸੇ ਮਜਬੂਰੀ ਵਿੱਚ ਗਾਇਨ ਕੀਤਾ ਜਾ ਰਿਹਾ ਹੋਵੇ।

ਰਾਗੀ ਜੱਥੇ ਵਿੱਚੋਂ ਵੀ ਇੱਕ ਸਿੰਘ ਦੀ ਪੰਕਤੀ ਪੂਰੀ ਹੋਣ ਤੇ ਨਹੀਂ ਆਉਂਦੀ ਕਿ ਦੂਜੇ ਸਿੰਘ ਦੁਆਰਾ ਅਗਲੀ ਪੰਕਤੀ ਆਰੰਭ ਕਰ ਦਿੱਤੀ ਗਈ ਹੁੰਦੀ ਹੈ। ਦੂਜੇ ਸ਼ਬਦ ਗਾਇਨ ਕਰਦਿਆਂ ਰਾਗੀ ਸਿੰਘ ਅਕਸਰ ਇੱਕ ਹੀ ਪੰਕਤੀ ਨੂੰ ਵਾਰ ਵਾਰ ਪੜ੍ਹਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਮਹੱਤਵਪੂਰਨ ਲੱਗਦਾ ਹੈ।

ਇਵੇਂ ਪੜ੍ਹਿਆ ਵੀ ਜਾਣਾ ਚਾਹੀਦੇ। ਪਰ ਅਨੰਦ ਸਾਹਿਬ ਦੇ ਗਾਇਨ ਵਿੱਚ ਸ਼ਾਇਦ ਹੀ ਕਦੇ ਅਜਿਹਾ ਕੀਤਾ ਗਿਆ ਹੋਵੇ। ਜਿਸ ਅਨੰਦ ਸਾਹਿਬ ਦੇ ਸਰਵਣ ਨਾਲ ਮਨ ਵਿੱਚ " ਮਨਿ ਵਜੀਆ ਵਧਾਇਆ " ਦਾ ਵਿਗਾਸ ਪੈਦਾ ਹੋਣਾ ਚਾਹੀਦੇ , " ਸਦਾ ਰਹੁ ਹਰਿ ਨਾਲੇ " ਦੀ ਅੰਤਰ ਪ੍ਰੇਰਨਾ ਜਾਗ੍ਰਤ ਹੋਣੀ ਚਾਹੀਦੀ ਹੈ ਉਹ ਤਾਂ ਸੰਭਵ ਨਹੀਂ ਹੁੰਦਾ ਇਸ ਦੇ ਉਲਟ ਮਨ ਅਸਹਿਜ ਹੋਣ ਲੱਗਦਾ ਹੈ। ਇਸ ਦਾ ਪ੍ਰਭਾਵ ਇਹ ਹੋ ਰਿਹਾ ਹੈ ਕਿ ਸਾਧ ਸੰਗਤ ਵਿੱਚ ਸ੍ਰਵਨ ਕੀਤੇ ਸ਼ਬਦ ਮਨ ਵਿੱਚ ਭਾਵੇਂ ਚੱਲਦੇ ਰਹਿਣ , ਅਨੰਦ ਸਾਹਿਬ ਦੀ ਇੱਕ ਵੀ ਪੰਕਤੀ ਦਾ ਰਸ ਨਹੀਂ ਬਣਦਾ। ਰਾਗ ਵਿੱਚ ਪੜ੍ਹਨਾ ਤਾਂ ਦੂਰ , ਸਹਿਜ ਭਾਵ ਨਾਲ ਵੀ ਨਾ ਪੜ੍ਹਨਾ ਉਸ ਭਾਵਨਾ ਦਾ ਨਿਰਾਦਰ ਹੈ ਜਿਸ ਤਹਿਤ ਅਨੰਦ ਸਾਹਿਬ ਪੜ੍ਹਨ ਦੀ ਰਹਿਤ ਮਰਿਆਦਾ ਬਣਾਈ ਗਈ ਸੀ। ਇਹ ਨਿਸ਼ਚਿਤ ਤੌਰ ਤੇ ਗੁਰ ਸ਼ਬਦ ਦਾ ਵੀ ਨਿਰਾਦਰ ਹੈ। ਗੁਰਬਾਣੀ ਤਾਂ ਪ੍ਰੇਮ ਭਾਵਨਾ ਦੀ ਬਾਣੀ ਹੈ ਜਿਸ ਨੂੰ ਸਹਿਜ ਵਿਚ ਹੀ ਗਾਇਨ ਕਰਨਾ ਮਨੋਰਥ ਸਿੱਧ ਕਰਦਾ ਹੈ

" ਗੁਰਬਾਣੀ ਗਾਵਹ ਭਾਈ।। ਓਹ ਸਫਲ ਸਦਾ ਸੁਖਦਾਈ।।

ਰਾਗ ਤੋਂ ਬਾਹਰ ਗੁਰਬਾਣੀ ਦਾ ਗਾਇਨ ਸਿੱਖ ਰਹਿਤ ਮਰਯਾਦਾ ਅਨੁਸਾਰ ਜੇ ਕੀਰਤਨ ਨਹੀਂ ਮੰਨਿਆ ਜਾ ਸਕਦਾ , ਸਹਿਜ ਵੀ ਗਾਇਨ ਨਾ ਕਰਨਾ ਤਾਂ ਗਾਇਨ ਦੇ ਮਨੋਰਥ ਤੋਂ ਹੀ ਦੂਰ ਕਰ ਦਿੰਦਾ ਹੈ। ਇਹ ਗੰਭੀਰ ਵਿਸ਼ਾ ਹੈ। ਅਰਦਾਸ ਤੋਂ ਪਹਿਲਾਂ ਅਨੰਦ ਸਾਹਿਬ ਦੇ ਗਾਇਨ ਨੂੰ ਰਾਗ ਅਧਾਰਿਤ ਅਤੇ ਸਹਿਜ ਬਣਾਉਣ ਲਈ ਦ੍ਰਿਸ਼ਟੀ ਸੁਧਾਰ ਦੀ ਸਖਤ ਲੋੜ ਹੈ। ਜਿਵੇਂ ਕਿਸੇ ਹੋਰ ਸ਼ਬਦ ਦਾ ਗਾਇਨ ਕਰਦਿਆਂ ਉਚਿਤ ਸਮਾਂ ਲਾਇਆ ਜਾਂਦਾ ਹੈ , ਅਨੰਦ ਸਾਹਿਬ ਪੜ੍ਹਨ ਲਈ ਵੀ ਉਚਿਤ ਸਮਾਂ ਲਾਇਆ ਜਾਣਾ ਚਾਹੀਦੇ। ਇਹ ਕਿਸੇ ਵੀ ਸਮਾਗਮ ਦਾ ਅੰਤਮ ਸੁਨੇਹਾ ਹੁੰਦਾ ਹੈ ਇਸ ਕਾਰਨ ਇਸ ਨੂੰ ਤਾਂ ਵਾਧੂ ਭਾਵਨਾ ਨਾਲ ਪੜ੍ਹਨਾ ਤੇ ਸੁਣਨਾ ਚਾਹੀਦੇ।

**ਡਾ. ਸਤਿੰਦਰ ਪਾਲ ਸਿੰਘ**

# ਵਿਧਾਇਕ ਸਿੱਧੂ ਦੇ ਯਤਨਾਂ ਨੂੰ ਪਿਆ ਬੂਰ, ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਂ 'ਤੇ ਪਾਸ ਕਰਵਾਇਆ ਮਾਰਗ ਦਾ ਨਾਮ

ਲੁਧਿਆਣਾ-ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੇ ਯਤਨਾਂ ਨੂੰ ਬੂਰ ਪਿਆ ਹੈ ਜਿਸਦੇ ਤਹਿਤ ਸਥਾਨਕ ਮਾਡਲ ਟਾਊਨ ਵਿਖੇ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸਾਹਮਣੇ ਵਾਲੇ ਮਾਰਗ ਦਾ ਨਾਂ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਰੱਖਿਆ ਹੈ। ਇਹ ਮਾਰਗ ਚਤੁਰ ਸਿੰਘ ਪਾਰਕ ਤੋਂ ਨਹਿਰ ਤੱਕ ਹੈ।

ਇਸ ਮੌਕੇ ਵਿਧਾਇਕ ਸਿੱਧੂ ਦੇ ਨਾਲ ਨਗਰ ਨਿਗਮ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਵਾਰਡ ਨੰਬਰ 51 ਦੀ ਕੌਂਸਲਰ ਬੀਬੀ ਕੋਮਲਪ੍ਰੀਤ ਕੌਰ ਸਚਦੇਵਾ ਵੀ ਮੌਜੂਦ ਸਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਘਰ ਦੀ ਸੰਗਤ ਦੀ ਲੰਮੇ ਸਮੇਂ ਤੋਂ ਇਹ ਰੀਝ ਸੀ ਕਿ ਇਸ ਮਾਰਗ ਦਾ ਨਾਂ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਰੱਖਿਆ ਜਾਵੇ, ਜਿਸ ਨੂੰ ਮਨਜ਼ੂਰ ਕਰਵਾ ਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਬਹੁਤ ਹੀ ਸਲਾਘਾਯੋਗ ਤੇ ਨੇਕ ਕਾਰਜ਼ ਕੀਤਾ ਹੈ।

ਗੁਰਦੁਆਰਾ ਕਮੇਟੀ ਵੱਲੋਂ ਵਿਧਾਇਕ ਸਿੱਧੂ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਇਲਾਕਾ ਕੌਂਸਲਰ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਬੜੇ ਭਾਵਨਾਤਮਕ ਬੋਲਾਂ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਇਸ ਸਨਮਾਨ ਲਈ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ''ਮੇਰੀ ਐਨੀ ਹੈਸੀਅਤ ਨਹੀਂ ਕਿ ਮੈਂ ਦੁਨੀਆਂ ਦੇ ਮਹਾਨ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਕਿਸੇ ਮਾਰਗ ਦਾ ਉਦਘਾਟਨ ਕਰਾਂ, ਇਹ ਤਾਂ ਮੇਰੇ ਬਾਪੂ ਬਾਬਾ ਦੀਪ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਹੀ ਹੈ ਜੋ ਉਹਨਾਂ ਨੇ ਮੈਨੂੰ ਇਸ ਕਾਬਲ ਕੀਤਾ ਕਿ ਮੈਂ ਇਸ ਮਾਰਗ ਦਾ ਨਾਂ ਬਾਬਾ ਜੀ ਦੇ ਨਾਮ 'ਤੇ ਪਾਸ ਕਰਾਉਣ ਦੇ ਯੋਗ ਬਣਿਆ।'



# ਭਾਸ਼ਾ ਵਿਭਾਗ ਨੇ ਪੰਜਾਬ ਭਵਨ ਵਿੱਚ ਸੁਸ਼ੋਭਿਤ ਕੀਤੀਆਂ 20 ਦਾਨਿਸ਼ਵਰਾਂ ਦੀਆਂ ਤਸਵੀਰਾਂ ਹੁਣ ਤੱਕ 60 ਤਸਵੀਰਾਂ ਲਗਾਈਆਂ ਜਾ ਚੁੱਕੀਆ ਹਨ ਪੰਜਾਬ ਭਵਨ 'ਚ

ਪਟਿਆਲਾ-ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਪਿਛਲੇ ਸਾਲ ਤੋਂ ਦਿੱਲੀ ਦੇ ਪੰਜਾਬ ਭਵਨ ਵਿੱਚ ਪੰਜਾਬੀ ਦਾਨਿਸ਼ਵਰਾਂ ਦੀਆਂ ਤਸਵੀਰਾਂ ਸਥਾਪਿਤ ਕਰਨ ਦੇ ਕਾਰਜ ਤਹਿਤ ਪਹਿਲਾਂ ਲਗਾਈਆਂ ਲਗਭਗ 40 ਤਸਵੀਰਾਂ ਤੋਂ ਬਾਅਦ ਅੱਜ 20 ਹੋਰ ਸਵਰਗੀ ਲੇਖਕਾਂ ਅਤੇ ਵਿਦਵਾਨਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਜਿਨਾਂ ਵਿੱਚ ਪ੍ਰਿੰਸੀਪਲ ਤੇਜਾ ਸਿੰਘ, ਗਿਆਨੀ ਸੋਹਣ ਸਿੰਘ ਸੀਤਲ, ਡਾ. ਦੀਵਾਨ ਸਿੰਘ ਕਾਲੇਪਾਣੀ, ਪ੍ਰਿੰਸੀਪਲ ਸੁਜਾਨ ਸਿੰਘ, ਸ. ਜਸਵੰਤ ਸਿੰਘ ਕੰਵਲ, ਸ. ਨਾਨਕ ਸਿੰਘ, ਡਾ. ਹਰਭਜਨ ਸਿੰਘ, ਸ੍ਰੀਮਤੀ ਦਲੀਪ ਕੌਰ ਟਿਵਾਣਾ, ਸ੍ਰੀ ਬਲਰਾਜ ਸਾਹਨੀ, ਬਾਵਾ ਬੁੱਧ ਸਿੰਘ, ਸ਼੍ਰੀਮਤੀ ਸੁਖਵੰਤ ਕੌਰ ਮਾਨ, ਸ. ਮਹਿੰਦਰ ਸਿੰਘ ਸਰਨਾ, ਜਨਾਬ ਦੀਪਕ ਜੈਤੋਈ, ਮਹਿੰਦਰ ਕੌਰ ਗਿੱਲ, ਸ਼੍ਰੀ ਰਾਮ ਸਰੂਪ ਅਣਖੀ, ਡਾ. ਰਤਨ ਸਿੰਘ ਜੱਗੀ, ਸ਼੍ਰੀ ਮੋਹਨਜੀਤ, ਸ਼੍ਰੀ ਪਰਮਿੰਦਰਜੀਤ ਅਤੇ ਪ੍ਰੋ. ਅਜਮੇਰ ਔਲਖ ਸ਼ਾਮਿਲ ਹਨ। ਇਹ ਤਸਵੀਰਾਂ ਪੰਜਾਬ ਭਵਨ ਦੇ ਬੀ ਬਲਾਕ ਦੀ ਡਿਓੜੀ ਅਤੇ ਉੱਪਰਲੀਆਂ ਮੰਜ਼ਿਲਾਂ ਦੇ ਵਰਾਂਡਿਆਂ ਵਿੱਚ ਲਗਾਈਆਂ ਗਈਆਂ।



ਸ੍ਰੀ ਰਜਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਭਵਨ ਦੇ ਕਰਮਚਾਰੀਆਂ ਵੱਲੋਂ ਇਹ ਕਾਰਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਅਤੇ ਡਿਪਟੀ ਡਾਇਰੈਕਟਰ ਸ੍ਰੀ ਆਲੋਕ ਚਾਵਲਾ ਦੀ ਨਿਗਰਾਨੀ ਵਿਚ ਕੀਤਾ ਗਿਆ। ਇਸ ਤੋਂ ਪਹਿਲਾਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਰੈਜੀਡੈਂਟ ਕਮਿਸ਼ਨਰ ਸ੍ਰੀ ਐਸ ਕਰੁਣਾ ਰਾਜੂ ਨਾਲ ਮੁਲਾਕਾਤ ਕਰਕੇ ਪੰਜਾਬ ਭਵਨ ਵਿੱਚ ਪੰਜਾਬੀਅਤ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਿਤ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ। ਡਿਪਟੀ ਰੈਜੀਡੈਂਟ ਕਮਿਸ਼ਨਰ ਸ੍ਰੀਮਤੀ ਆਸਿਤਾ ਸ਼ਰਮਾ ਨੇ ਕਿਹਾ ਕਿ ਆਉਂਣ ਵਾਲੇ ਸਮੇਂ ਵਿੱਚ ਭਾਸ਼ਾ ਵਿਭਾਗ ਦੀ ਸਥਾਨਕ ਲਾਇਬਰੇਰੀ ਦੀ ਮੁਰੰਮਤ ਦਾ ਕੰਮ ਮੁਕੰਮਲ ਕਰਾ ਕੇ ਇਸ ਨੂੰ ਇੱਥੇ ਆਉਣ ਅਤੇ ਠਹਿਰਨ ਵਾਲੀਆਂ ਸ਼ਖ਼ਸੀਅਤਾਂ ਲਈ ਆਕਰਸ਼ਕ ਬਣਾਇਆ ਜਾਵੇਗਾ। ਇਸ ਮੌਕੇ ਵਿਭਾਗ ਦੀ ਮੁਲਾਜ਼ਮ ਕਰੁਣਾ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਨੂੰ ਆਧੁਨਿਕ ਤੇ ਵਪਾਰਕ ਤੌਰ 'ਤੇ ਵਿਕਸਿਤ ਕਰਨ ਦੀ ਤਜਵੀਜ਼- ਚੇਅਰਮੈਨ ਹਰਪਾਲ ਜੁਨੇਜਾ

-ਚੇਅਰਮੈਨ ਜੁਨੇਜਾ ਵੱਲੋਂ ਨੇੜਲੇ ਕਾਰੋਬਾਰੀਆਂ ਦੇ ਕਾਰੋਬਾਰ ਨੂੰ ਹੋਰ ਪ੍ਰਫੁੱਲਤ ਕਰਨ ਲਈ ਪੁਰਾਣੇ ਬੱਸ ਅੱਡੇ ਦੀ ਨੁਹਾਰ ਬਦਲਣ ਲਈ ਵਿਚਾਰਾਂ ਪਟਿਆਲਾ, 18 ਫਰਵਰੀ:ਪੀ.ਆਰ.ਟੀ.ਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਵਿਖੇ ਆਉਣ-ਜਾਣ ਵਾਲੀਆਂ ਸਵਾਰੀਆਂ ਨੂੰ ਹੋਰ ਵਧੀਆ ਸਹੂਲਤ ਮੁਹੱਈਆ ਕਰਵਾਉਣ ਕਰਨ ਸਮੇਤ ਇਸਦੀ ਨੁਹਾਰ ਸੁਧਾਰਨ ਲਈ ਅਤੇ ਇਸ ਦੇ ਆਲੇ-ਦੁਆਲੇ ਦੇ ਕਾਰੋਬਾਰੀਆਂ ਦੇ ਕਾਰੋਬਾਰ ਨੂੰ ਧਿਆਨ ਵਿੱਚ ਰਖਦੇ ਹੋਏ, ਇਸ ਨੂੰ ਹੋਰ ਆਧੁਨਿਕ ਤੇ ਕਮਰਸ਼ੀਅਲ ਤੌਰ 'ਤੇ ਵਿਕਸਿਤ ਕਰਨ ਲਈ ਇਕ ਮੀਟਿੰਗ ਕੀਤੀ। ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਇੱਥੇ ਪੁਰਾਣੇ ਬੱਸ ਸਟੈਂਡ ਵਿਖੇ ਅਰਨੈਸਟ ਐਂਡ ਯੰਗ ਕੰਪਨੀ, ਨਵੀਂ ਦਿੱਲੀ ਦੇ ਡਾਇਰੈਕਟਰ ਅਰੁਣ ਤੁਲੀ ਅਤੇ ਉਨ੍ਹਾਂ ਦੀ ਟੀਮ ਨਾਲ ਕੀਤੀ ਮੀਟਿੰਗ ਦੌਰਾਨ ਪਟਿਆਲਾ ਡਿਪੂ ਦੇ ਜਨਰਲ ਮੈਨੇਜਰ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਗਰੇਵਾਲ, ਐਸ.ਡੀ.ਓ ਇੰਜ. ਗੁਰਦਾਨਿਸ਼ਵੀਰ ਸਿੰਘ, ਜੇ.ਈ ਇੰਜ. ਪ੍ਰਿਤਪਾਲ ਸਿੰਘ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

ਚੇਅਰਮੈਨ ਜੁਨੇਜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਵੱਲੋਂ ਪੀ.ਆਰ.ਟੀ.ਸੀ. ਤੇ ਪਨਬਸ ਦੇ 5 ਵੱਡੇ ਬੱਸ ਅੱਡਿਆਂ ਦੀ ਨੁਹਾਰ ਸੁਧਾਰਨ ਅਤੇ ਇਨ੍ਹਾਂ ਨੂੰ ਵਪਾਰਕ ਤੌਰ 'ਤੇ ਹੋਰ ਵਿਕਸਿਤ ਕਰਨ ਲਈ ਐਨ ਆਈ ਸੀ ਐਸ ਆਈ ਰਾਹੀਂ ਇੱਕ ਸਲਾਹਕਾਰ ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਤਹਿਤ ਪਟਿਆਲਾ ਦੇ ਪੁਰਾਣੇ ਬੱਸ ਅੱਡੇ ਦੀ ਵੀ ਨੁਹਾਰ ਬਦਲੀ ਜਾਵੇਗੀ। ਹਰਪਾਲ ਜੁਨੇਜਾ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਪੀ.ਆਰ.ਟੀ.ਸੀ. ਦੇ ਪੁਰਾਣੇ ਬੱਸ ਸਟੈਂਡ ਪਟਿਆਲਾ ਦਾ ਆਧੁਨਿਕੀਕਰਨ ਤੇ ਇਸ ਨੂੰ ਵਪਾਰਕ ਤੌਰ 'ਤੇ ਵਿਕਸਿਤ ਕਰਨਾ ਹੈ, ਜਿਸ ਦਾ ਭਵਿਖ ਵਿੱਚ ਪੀ.ਆਰ.ਟੀ.ਸੀ ਨੂੰ ਹੋਰ ਵਾਧੂ ਵਿੱਤੀ ਲਾਭ ਹੋਵੇਗਾ। ਇਸ ਮੌਕੇ ਅਰਨੈਸਟ ਐਂਡ ਯੰਗ ਕੰਪਨੀ ਵੱਲੋਂ ਤਿਆਰ ਤਜਵੀਜ ਨੂੰ ਘੋਖਣ ਉਪਰੰਤ ਚੇਅਰਮੈਨ ਨੇ ਕੰਪਨੀ ਦੇ ਅਧਿਕਾਰੀਆਂ ਨੂੰ ਸੁਝਾਅ ਵੀ ਦਿਤੇ। ਇਸ ਦੌਰਾਨ ਚੇਅਰਮੈਨ ਹਰਪਾਲ ਜੁਨੇਜਾ ਨੇ ਪੁਰਾਣੇ ਬੱਸ ਸਟੈਂਡ ਵਿਖੇ ਸਵਾਰੀਆਂ ਨਾਲ ਵੀ ਗੱਲ ਬਾਤ ਕਰਕੇ ਉਨ੍ਹਾਂ ਨੂੰ ਬੱਸ ਸਟੈਂਡ ਉਪਰ ਹੋਰ ਵਧੀਆ ਬੱਸ ਸਰਵਿਸ ਅਤੇ ਸਹੂਲਤਾਂ ਮੁਹੱਈਆ ਕਰਨ ਦਾ ਵੀ ਭਰੋਸਾ ਦਿੱਤਾ। ਉਨ੍ਹਾਂ ਨੇ ਸਵਾਰੀਆਂ ਦੀ ਮੰਗ ਅਨੁਸਾਰ ਪੁਰਾਣੇ ਬੱਸ ਸਟੈਂਡ ਤੋਂ ਹੋਰ ਵੱਖ-ਵੱਖ ਰੂਟਾਂ ਲਈ ਲੋਕਲ ਬੱਸ ਸਰਵਿਸ ਲਈ ਵਾਧੂ ਬੱਸਾਂ ਚਲਾਉਣ ਦਾ ਭਰੋਸਾ ਦਿੱਤਾ।



# ਸਮੁੱਚੇ ਵਿਸ਼ਵ ਵਿਚ ਵੱਸਦੇ ਪੰਜਾਬੀਆਂ ਲਈ ਪੰਜਾਬੀ ਸਿੱਖਣ ਦਾ ਏਆਈ ਅਧਾਰਿਤ ਪ੍ਰੋਗਰਾਮ ਜਲਦੀ ਹੋਵੇਗਾ ਲਾਂਚ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 20 ਤੋਂ 22 ਫਰਵਰੀ ਤੱਕ ਤਿੰਨ ਰੋਜ਼ਾ ਵਿਸ਼ਵ ਪੰਜਾਬੀ ਕਾਨਫ਼ਰੰਸ -2026

## ਪੰਜਾਬੀ ਭਾਸ਼ਾ ਅਤੇ ਵਿਰਸੇ ਨੂੰ ਏਆਈ ਦੇ ਯੁੱਗ ’ਚ ਸੁਰੱਖਿਅਤ ਕਰਕੇ ਵਿਸ਼ਵ ਮੰਚ ’ਤੇ ਪੇਸ਼ ਕੀਤਾ ਜਾਵੇਗਾ :ਪ੍ਰੋ ਕਰਮਜੀਤ ਸਿੰਘ



ਸਮੁੱਚੇ ਵਿਸ਼ਵ ਵਿਚ ਵੱਸਦੇ ਪੰਜਾਬੀਆਂ ਤੱਕ ਪੰਜਾਬੀ ਭਾਸ਼ਾ ਦੀ ਸਿੱਖਿਆ ਪਹੁੰਚਾਉਣ ਦੇ ਉਦੇਸ਼ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜਲਦੀ ਹੀ ਪੰਜਾਬੀ ਭਾਸ਼ਾ ਦੀ ਸਿੱਖਿਆ ਦਾ ਆਰਟੀਫ਼ਿਸ਼ਲ ਇੰਟੈਲੀਜੈਂਸ (ਏਆਈ) ਅਧਾਰਿਤ ਪ੍ਰੋਗਰਾਮ ਲਾਂਚ ਕੀਤਾ ਜਾਵੇਗਾ। ਇਹ ਜਾਣਕਾਰੀ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਯੂਨੀਵਰਸਿਟੀ ਵਿਚ 20 ਤੋਂ 22 ਫਰਵਰੀ 2026 ਤੱਕ ਕਰਵਾਈ ਜਾ ਰਹੀ ਤਿੰਨ ਦਿਨਾਂ “ਵਿਸ਼ਵ ਪੰਜਾਬੀ ਕਾਨਫ਼ਰੰਸ” ਤੋਂ ਪਹਿਲਾਂ ਕਰਵਾਈ ਪ੍ਰੈੱਸ ਕਾਨਫ਼ਰੰਸ ਦੌਰਾਨ ਦਿੱਤੀ।ਕਾਨਫਰੰਸ ਬਾਰੇ ਵਿਸਥਾਰ ਸਾਂਝੇ ਕਰਨ ਤੋਂ ਪਹਿਲਾਂ ਉਪ-ਕੁਲਪਤੀ ਨੇ ਕਿਹਾ ਕਿ ਇਸ ਕਾਨਫਰੰਸ ਤੋਂ ਬਾਅਦ ਵਿਦਿਆਰਥੀਆਂ ਨੂੰ ਭਵਿੱਖਮੁਖੀ ਟੈਕਨਾਲੋਜੀ ਨਾਲ ਜੋੜਨ ਅਤੇ ਪੰਜਾਬੀ ਭਾਸ਼ਾ ਨੂੰ ਗਲੋਬਲ ਡਿਜ਼ਿਟਲ ਮੰਚ ‘ਤੇ ਮਜ਼ਬੂਤ ਬਣਾਉਣ ਲਈ ਵਿਸ਼ਵ ਪੱਧਰੀ ਯੂਨੀਵਰਸਿਟੀਆਂ ਨਾਲ ਸਾਂਝ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤਹਿਤ ਐਨਆਰਆਈ ਭਾਈਚਾਰੇ ਦੀ ਭਾਗੀਦਾਰੀ ਨਾਲ ਆਈਟੀ ਅਤੇ ਏਆਈ ਲੈਬਾਂ ਦੀ ਸਪੋਂਸਰਸ਼ਿਪ, ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਸਰਟੀਫਿਕੇਟ ਕੋਰਸ ਅਤੇ ਸਕਾਲਰਸ਼ਿਪਾਂ ਦੀ ਯੋਜਨਾ ‘ਤੇ ਕੰਮ ਚੱਲ ਰਿਹਾ ਹੈ। ਪ੍ਰੋ. ਕਰਮਜੀਤ ਸਿੰਘ ਨੇ ਦੱਸਿਆ ਕਿ “ਪੰਜਾਬੀ ਫਸਟ” ਥੀਮ ਅਧੀਨ ਏਆਈ ਦੀ ਮਦਦ ਨਾਲ ਅਕਾਦਮਿਕ ਥੀਸਿਸਾਂ ਨੂੰ ਪੰਜਾਬੀ ਵਿਚ ਕਨਵਰਟ ਕਰਕੇ ਆਮ ਲੋਕਾਂ ਤੱਕ ਗਿਆਨ ਪਹੁੰਚਾਉਣ ਦੀ ਯੋਜਨਾ ਹੈ। ਇਸਦੇ ਨਾਲ ਹੀ ਗੁਰੂ ਸਾਹਿਬਾਨਾਂ ਦੇ ਇਤਿਹਾਸ ਅਤੇ ਪੰਜਾਬੀ ਵਿਰਸੇ ਨਾਲ ਸਬੰਧਤ ਅਧਿਕਾਰਤ ਸਰੋਤਾਂ ਨੂੰ ਇਕੱਠਾ ਕਰਕੇ ਡਿਜ਼ਿਟਲ ਪਲੇਟਫਾਰਮ ‘ਤੇ ਲਿਆਂਦਾ ਜਾਵੇਗਾ, ਜਿਸ ਲਈ ਵਿਸ਼ੇਸ਼ ਏਆਈ ਟੀਮ ਬਣਾਈ ਜਾਵੇਗੀ। ਉਪ-ਕੁਲਪਤੀ ਨੇ ਇਹ ਵੀ ਐਲਾਨ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਵਿਦਿਆਰਥੀਆਂ ਲਈ ਵਿਦੇਸ਼ੀ ਯੂਨੀਵਰਸਿਟੀਆਂ ਨਾਲ ਮਿਲ ਕੇ ਡੁਅਲ (ਦੋਹਰੇ) ਸਰਟੀਫਿਕੇਟ ਕੋਰਸ ਸ਼ੁਰੂ ਕੀਤੇ ਜਾਣਗੇ, ਜਿਨ੍ਹਾਂ ਵਿਚ 30 ਤੋਂ 40 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾਵੇਗੀ। ਇਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਵਿਸ਼ਵ ਪੱਧਰੀ ਟੈਕਨਾਲੋਜੀ ਸਿੱਖਣ ਦੇ ਨਵੇਂ ਮੌਕੇ ਮਿਲਣਗੇ।ਸਮੁੱਚੇ ਵਿਸ਼ਵ ਵਿਚ ਵੱਸਦੇ ਪੰਜਾਬੀਆਂ ਤਕ ਪੰਜਾਬੀ ਭਾਸ਼ਾ ਦੀ ਸਿੱਖਿਆ ਮੁਹਈਆ ਕਰਵਾਉਣ ਹਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਲਦੀ ਹੀ ਲਾਂਚ ਕਰੇਗੀ ਪੰਜਾਬੀ ਭਾਸ਼ਾ ਦੀ ਸਿੱਖਿਆ ਦਾ ਏ.ਆਈ ਅਧਾਰਿਤ ਪ੍ਰੋਗਰਾਮਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਭਵਿੱਖਮੁਖੀ ਸੰਭਾਵਨਾਵਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਸੰਦਰਭ ਵਿਚ ਤਲਾਸ਼ਣ ਦੇ ਉਦੇਸ਼ ਨਾਲ ਕਰਵਾਈ ਜਾ ਰਹੀ ਇਸ ਤਿੰਨ-ਰੋਜ਼ਾ “ਵਿਸ਼ਵ ਪੰਜਾਬੀ ਕਾਨਫ਼ਰੰਸ ਦਾ ਮੁੱਖ ਵਿਸ਼ਾ “ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਖੇਤਰ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ” ਰੱਖਿਆ ਗਿਆ ਹੈ। ਕਾਨਫ਼ਰੰਸ ਦੇ ਕੋਆਰਡੀਨੇਟਰ ਡਾ. ਮਨਜਿੰਦਰ ਸਿੰਘ ਨੇ ਕਾਨਫਰੰਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਵਿਧੀਵਤ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮੁੱਖ ਉਦੇਸ਼ਾਂ ਵਿਚ ਸ਼ਾਮਲ ਹੈ। ਇਸ ਕਾਨਫ਼ਰੰਸ ਦਾ ਉਦਘਾਟਨੀ ਸਮਾਰੋਹ 20 ਫ਼ਰਵਰੀ 2026 ਨੂੰ ਦੁਪਹਿਰ 2:30 ਵਜੇ ਯੂਨੀਵਰਸਿਟੀ ਦੇ ਕਨਵੈਂਸ਼ਨ ਸੈਂਟਰ, ਗੁਰੂ ਨਾਨਕ ਭਵਨ ਵਿਖੇ ਹੋਵੇਗਾ।ਇਸ ਸਮਾਰੋਹ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ.( ਡਾ.) ਕਰਮਜੀਤ ਸਿੰਘ ਕਰਨਗੇ ਜਦੋਂ ਕਿ ਕੁੰਜੀਵਤ ਭਾਸ਼ਣ ਸ.ਕੇ.ਬੀ.ਐੱਸ ਸਿੱਧੂ (ਸਾਬਕਾ ਮੁੱਖ ਸਕੱਤਰ,ਪੰਜਾਬ) ਦੇਣਗੇ।

ਇਸ ਕਾਨਫ਼ਰੰਸ ਦੇ ਮੁੱਖ ਮਹਿਮਾਨ ਸ. ਤਰਲੋਚਨ ਸਿੰਘ (ਸਾਬਕਾ ਮੈਂਬਰ ਪਾਰਲੀਮੈਂਟ) ਹੋਣਗੇ। ਇਸਦੇ ਨਾਲ ਹੀ ਸ. ਵਿਕਰਮਜੀਤ ਸਿੰਘ ਸਾਹਨੀ (ਮੈਂਬਰ ਰਾਜ ਸਭਾ) ਅਤੇ ਡਾ. ਦੀਪਕ ਮਨਮੋਹਨ ਸਿੰਘ ਇਸ ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਹੋਣਗੇ।ਇਸ ਮੌਕੇ ਉੱਤੇ ਧੰਨਵਾਦ ਦਾ ਪ੍ਰਸਤਾਵ ਡਾ. ਹਰਵਿੰਦਰ ਸਿੰਘ ਸੈਣੀ (ਡੀਨ ਅਕਾਦਮਿਕ ਮਾਮਲੇ, ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ) ਪ੍ਰਸਤੁਤ ਕਰਨਗੇ।ਉਪ ਕੁਲਪਤੀ ਨੇ ਦੱਸਿਆ ਕਿ ਮੌਜੂਦਾ ਸਮੇਂ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਗਿਆਨ ਦੇ ਖੇਤਰ ਵਿਚ ਸਭ ਤੋਂ ਮਹੱਤਵਪੂਰਨ ਵਿਸ਼ਾ ਹੈ। ਇਸ ਲਈ ਸਮੇਂ ਦੇ ਹਾਣੀ ਬਣਨ ਲਈ ਇਸ ਉੱਪਰ ਗਹਿਰਾਈ ਨਾਲ ਚਰਚਾ ਕਰਨੀ ਲਾਜ਼ਮੀ ਹੈ। ਪੰਜਾਬੀ ਭਾਸ਼ਾ ਅਤੇ ਵਿਰਸੇ ਨੂੰ ਏਆਈ ਦੇ ਯੁੱਗ ਵਿਚ ਸੁਰੱਖਿਅਤ ਕਰਕੇ ਵਿਸ਼ਵ ਮੰਚ ‘ਤੇ ਮਾਣ ਨਾਲ ਪੇਸ਼ ਕਰਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਇਸੇ ਉਦੇਸ਼ ਦੇ ਤਹਿਤ ਯੂਨੀਵਰਸਿਟੀ ਵੱਲੋਂ ਇਹ ਕਾਨਫ਼ਰੰਸ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਾਨਫ਼ਰੰਸ ਦੌਰਾਨ 20 ਫਰਵਰੀ ਸ਼ਾਮ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਨਾਟਕ “1675” ਵੀ ਖੇਡਿਆ ਜਾਵੇਗਾ, ਜਦਕਿ 21 ਫਰਵਰੀ ਨੂੰ ਅੰਤਰਰਾਸ਼ਟਰੀ ਕਵੀ ਦਰਬਾਰ ਦਾ ਆਯੋਜਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਕਾਨਫ਼ਰੰਸ ਦੌਰਾਨ ਵੱਖ-ਵੱਖ ਅਕਾਦਮਿਕ ਸੈਸ਼ਨਾਂ ਵਿਚ ਪੰਜਾਬੀ ਭਾਸ਼ਾ, ਏਆਈ, ਖੇਡਾਂ, ਸੱਭਿਆਚਾਰ ਅਤੇ ਅਰਥਸ਼ਾਸਤਰ ਵਰਗੇ ਵਿਸ਼ਿਆਂ ‘ਤੇ ਵਿਚਾਰ-ਵਟਾਂਦਰਾ ਹੋਵੇਗਾ। ਵਿਦੇਸ਼ਾਂ ਤੋਂ ਆ ਰਹੀਆਂ ਪ੍ਰਮੁੱਖ ਹਸਤੀਆਂ ਵੱਲੋਂ ਯੂਨੀਵਰਸਿਟੀ ਲਈ ਆਈਟੀ ਲੈਬਾਂ ਸਪੋਂਸਰ ਕਰਨ ਦੇ ਵਾਅਦੇ ਵੀ ਕੀਤੇ ਗਏ ਹਨ।ਪ੍ਰੋ. ਕਰਮਜੀਤ ਸਿੰਘ ਨੇ ਦੱਸਿਆ ਕਿ ਇਸ ਕਾਨਫ਼ਰੰਸ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਵਿਸ਼ਵ ਪੱਧਰ ‘ਤੇ ਨਾਮ ਰੌਸ਼ਨ ਕਰਨ ਵਾਲੀਆਂ ਅੱਠ ਮਹਾਨ ਸ਼ਖ਼ਸੀਅਤਾਂ ਸੰਤ ਬਾਬਾ ਮਹਿੰਦਰ ਸਿੰਘ ਯੂ.ਕੇ ਵਾਲੇ (ਮੁਖੀ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ),ਸ. ਸਰਦਾਰਾ ਸਿੰਘ ਜੌਹਲ (ਪਦਮ ਭੂਸ਼ਣ ਐਵਾਰਡੀ), ਸ. ਸੁਰਿੰਦਰਪਾਲ ਸਿੰਘ ਉਬਰਾਏ (ਪ੍ਰਸਿੱਧ ਸਮਾਜ-ਸੇਵੀ), ਸ. ਚਰਨਜੀਤ ਸਿੰਘ ਬਾਠ (ਪ੍ਰਸਿੱਧ ਕਾਰੋਬਾਰੀ ਅਤੇ ਸਮਾਜ-ਸੇਵੀ),ਸ. ਰਣਜੀਤ ਸਿੰਘ (ਪ੍ਰਸਿੱਧ ਕਾਰੋਬਾਰੀ ਅਤੇ ਸਮਾਜ-ਸੇਵੀ), ਸ.ਸਵਿੰਦਰਪਾਲ ਸਿੰਘ (ਗੁਰੂ ਘਰ ਦੇ ਟਹਿਲੀਏ), ਸ. ਕੰਵਰਪਾਲ ਸਿੰਘ ਸੂਰੀ (ਪ੍ਰਸਿੱਧ ਵਿਗਿਆਨੀ) ਅਤੇ ਸ. ਬਲਦੇਵ ਕੰਗ (ਅੰਤਰ ਰਾਸ਼ਟਰੀ ਪੱਧਰ ਦੇ ਉਦਯੋਗਪਤੀ) ਨੂੰ ਸਨਮਾਨਿਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸਨਮਾਨਿਤ ਹੋਣ ਵਾਲੀਆਂ ਸਖਸ਼ੀਅਤਾਂ ਵਿਚ ਭਾਈ ਮਹਿੰਦਰ ਸਿੰਘ ਯੂ.ਕੇ. ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਬਰਮਿੰਘਮ ਦੇ ਮੁਖੀ ਹਨ ਅਤੇ ਸਿੱਖ ਧਰਮ ਦੇ ਅੰਤਰ-ਰਾਸ਼ਟਰੀ ਪ੍ਰਚਾਰ, ਅੰਤਰ-ਧਰਮੀ ਸੰਵਾਦ ਅਤੇ ਸਮਾਜਕ ਸੇਵਾ ਦੇ ਵਿਸ਼ਵ-ਪੱਧਰੀ ਚਿਹਰੇ ਹਨ। ਅਫ਼ਰੀਕਾ, ਯੂਰਪ ਅਤੇ ਭਾਰਤ ਵਿੱਚ ਗੁਰਦੁਆਰਿਆਂ ਦੀ ਉਸਾਰੀ, ਨਿਸ਼ਕਾਮ ਹੈਲਥਕੇਅਰ ਟਰੱਸਟ ਅਤੇ ਨਿਸ਼ਕਾਮ ਸਕੂਲਾਂ ਰਾਹੀਂ ਉਨ੍ਹਾਂ ਨੇ ਸੇਵਾ ਨੂੰ ਵਿਗਿਆਨਕ ਪ੍ਰਬੰਧਨ ਨਾਲ ਜੋੜ ਕੇ ਗਲੋਬਲ ਮਾਡਲ ਤਿਆਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਦਮ ਭੂਸ਼ਣ ਪ੍ਰੋ. ਸਰਦਾਰਾ ਸਿੰਘ ਜੌਹਲ ਵਿਸ਼ਵ ਪੱਧਰ 'ਤੇ ਭਾਰਤੀ ਖੇਤੀ ਅਰਥ-ਸ਼ਾਸਤਰੀ ਵਜੋਂ ਆਪਣੀ ਵਿਲੱਖਣ ਪਛਾਣ ਸਥਾਪਿਤ ਕਰਨ ਵਾਲੀ ਨਾਮਵਰ ਸ਼ਖ਼ਸੀਅਤ ਹਨ। ਆਪ ਜੀ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਵੱਲੋਂ ਆਪ ਜੀ ਨੂੰ ਸੰਨ 2004 ਵਿਚ ਪਦਮ ਭੂਸ਼ਣ ਸਨਮਾਨ ਪ੍ਰਦਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ. ਸੁਰਿੰਦਰ ਪਾਲ ਸਿੰਘ ਓਬਰਾਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਨਾਮ ਅੰਤਰ-ਰਾਸ਼ਟਰੀ ਪੱਧਰ ਉੱਤੇ ਰੌਸ਼ਨ ਕਰਨ ਵਾਲੀ ਨਾਮਵਰ ਸ਼ਖ਼ਸੀਅਤ ਹਨ। ਆਪ ਜੀ ਨੂੰ ਸੰਸਾਰ ਭਰ ਵਿਚ “ਸੇਵੀਅਰ ਸਿੰਘ” ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਸ. ਚਰਨਜੀਤ ਸਿੰਘ ਬਾਠ ਬਾਰੇ ਦਸਦਿਆਂ ਉਨ੍ਹਾਂ ਕਿਹਾ ਕਿ ਉਹ ਸੰਸਾਰ ਪ੍ਰਸਿੱਧ ਕਾਰੋਬਾਰੀ ਅਤੇ ਸਮਾਜ-ਸੇਵੀ, ਬਾਠ ਫਾਰਮਜ਼ (ਯੂ.ਐਸ.ਏ.) ਦੇ ਸੰਸਥਾਪਕ ਹਨ। ਉਹ ਦੁਨੀਆ ਦੇ ਸਭ ਤੋਂ ਵੱਡੇ ਕਿਸ਼ਮਿਸ਼ ਉਤਪਾਦਕਾਂ ਵਿੱਚੋਂ ਇੱਕ ਹਨ ਅਤੇ “ਕਿੰਗ ਆਫ਼ ਰੇਜ਼ਿਨਜ਼” ਵਜੋਂ ਜਾਣੇ ਜਾਂਦੇ ਹਨ। ਸ. ਰਣਜੀਤ ਸਿੰਘ ਟੁਟ ਗਲੋਬਲ ਉਦਯੋਗਪਤੀ ਅਤੇ ਪੰਜਾਬੀ ਖੇਡ ਜਗਤ ਦੇ ਸਭ ਤੋਂ ਵੱਡੇ ਸਰਪ੍ਰਸਤਾਂ ਵਿੱਚੋਂ ਇੱਕ ਹਨ। ਸ੍ਰੀ ਹਰਿਮੰਦਰ ਸਾਹਿਬ ਵਿੱਚ ਆਧੁਨਿਕ ਪਾਣੀ ਟ੍ਰੀਟਮੈਂਟ ਪਲਾਂਟ ਦੀ ਇਤਿਹਾਸਕ ਕਾਰ-ਸੇਵਾ, ਲੰਗਰ ਲਈ ਨਿਰੰਤਰ ਸਹਾਇਤਾ ਅਤੇ ਸਿੱਖ ਵਿਰਾਸਤ ਦੀ ਸੰਭਾਲ ਉਨ੍ਹਾਂ ਦੀ ਨਿਸ਼ਕਾਮ ਸੇਵਾ ਦੇ ਪ੍ਰਮੁੱਖ ਉਦਾਹਰਨ ਹਨ। ਹਾਕੀ ਅਤੇ ਕਬੱਡੀ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵੱਲ ਮੋੜਨ ਵਿੱਚ ਵੀ ਉਨ੍ਹਾਂ ਦਾ ਅਮੁੱਲ ਯੋਗਦਾਨ ਹੈ।

ਸ. ਸਵਿੰਦਰਪਾਲ ਸਿੰਘ “ਗੁਰੂ ਘਰ ਦੇ ਟਹਿਲੀਏ” ਵਜੋਂ ਜਾਣੇ ਜਾਂਦੇ ਹਨ ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਸ਼ਕਾਮ ਸੇਵਾ ਨਿਭਾ ਰਹੇ ਹਨ। ਪਾਲਕੀ ਸਾਹਿਬ ਦੀ ਸਜਾਵਟ, ਰੁਮਾਲਾ ਸਾਹਿਬ ਦੀ ਸੇਵਾ, ਗੁਰਪੁਰਬਾਂ ਦੀ ਸਜਾਵਟ ਅਤੇ ਗੁਰੂ ਘਰ ਦੀ ਸੁੰਦਰੀਕਰਨ ਸੇਵਾ ਵਿੱਚ ਉਨ੍ਹਾਂ ਦੀ ਭੂਮਿਕਾ ਸਿੱਖ ਸੇਵਾ ਪਰੰਪਰਾ ਦੀ ਜੀਵੰਤ ਮਿਸਾਲ ਹੈ। ਸ. ਕੰਵਰਪਾਲ ਸਿੰਘ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਨਾਮ ਵਿਸ਼ਵ ਪੱਧਰ ਉੱਤੇ ਰੌਸ਼ਨ ਕਰਨ ਵਾਲੀ ਨਾਮਵਰ ਸ਼ਖ਼ਸੀਅਤ ਹਨ। ਕੁਸ਼ਲ ਇੰਜਨੀਅਰ ਅਤੇ ਪ੍ਰਸਿੱਧ ਵਿਗਿਆਨੀ ਦੇ ਤੌਰ 'ਤੇ ਸੰਸਾਰ ਵਿਚ ਆਪ ਜੀ ਦੀ ਨਿਵੇਕਲੀ ਪਛਾਣ ਹੈ।

ਸ. ਬਲਦੇਵ ਕੰਗ ਅੰਤਰ-ਰਾਸ਼ਟਰੀ ਪੱਧਰ ਦੇ ਪ੍ਰਮੁੱਖ ਉਦਯੋਗਪਤੀ ਜੋ ਲੋਜਿਸਟਿਕਸ, ਸਟੀਲ ਅਤੇ ਰੀਅਲ ਅਸਟੇਟ ਖੇਤਰਾਂ ਵਿੱਚ ਵਿਸ਼ਵ-ਪੱਧਰੀ ਉਦਯੋਗਾਂ ਦੀ ਅਗਵਾਈ ਕਰ ਰਹੇ ਹਨ। ਉਹ ਪਰਿਵਾਰਕ ਏਕਤਾ ਅਤੇ ਸਾਂਝੀ ਜ਼ਿੰਮੇਵਾਰੀ ਦੇ ਮਾਡਲ ਨੂੰ ਵਪਾਰਕ ਸੰਸਕ੍ਰਿਤੀ ਵਿੱਚ ਸਫ਼ਲਤਾ ਨਾਲ ਲਾਗੂ ਕਰਕੇ ਪੰਜਾਬੀ ਉਦਯੋਗਪਤੀਆਂ ਲਈ ਨਵਾਂ ਰੋਲ ਮਾਡਲ ਬਣੇ ਹਨ।ਡਾ. ਮਨਜਿੰਦਰ ਸਿੰਘ ਦੱਸਿਆ ਕਿ ਵਿਦਾਇਗੀ ਸੈਸ਼ਨ ਮਿਤੀ 22 ਫ਼ਰਵਰੀ ਨੂੰ ਬਾਅਦ ਦੁਪਹਿਰ ਕਾਨਫ਼ਰੰਸ ਹਾਲ ਵਿਚ ਆਯੋਜਿਤ ਕੀਤਾ ਜਾਵੇਗਾ ਜਿਸਦੀ ਪ੍ਰਧਾਨਗੀ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ ਕਰਨਗੇ।

ਇਸ ਵਿਚ ਮੁੱਖ ਮਹਿਮਾਨ ਕਰਨਲ ਜਸਮੇਰ ਸਿੰਘ ਬਾਲਾ ਹੋਣਗੇ ਅਤੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰੋ. ਜਗਦੀਪ ਸਿੰਘ (ਉਪ ਕੁਲਪਤੀ, ਪੰਜਾਬੀ ਯੂਨੀਵਰਸਿਟੀ,ਪਟਿਆਲਾ) ਅਤੇ ਪ੍ਰੋ. ਬਲਕਾਰ ਸਿੰਘ ਸ਼ਿਰਕਤ ਕਰਨਗੇ। ਵਿਦਾਇਗੀ ਭਾਸ਼ਣ ਸ. ਅਮਰਜੀਤ ਸਿੰਘ ਗਰੇਵਾਲ ਵਲੋਂ ਦਿੱਤਾ ਜਾਵੇਗਾ। ਇਸ ਕਾਨਫ਼ਰੰਸ ਵਿਚ ਦੇਸ਼ ਦੇ ਵੱਖ-ਵੱਖ ਗਿੱਸਿਆਂ ਅਤੇ ਵਿਦੇਸ਼ਾਂ ਤੋਂ ਆਈਆਂ ਵਿਸ਼ੇਸ਼ ਸ਼ਖ਼ਸੀਅਤਾਂ ਹਿੱਸਾ ਲੈਣਗੀਆਂ ਜਿੰਨਾਂ ਵਿਚ ਸ. ਦਰਸ਼ਨ ਸਿੰਘ ਧਾਲੀਵਾਲ, ਸ. ਰਾਜਵਿੰਦਰ ਸਿੰਘ ਬੋਪਾਰਾਏ, ਡਾ. ਗੁਰਮੋਹਨ ਸਿੰਘ ਅਤੇ ਡਾ.ਰਵਿੰਦਰ ਸਿੰਘ ਕੰਗ ਦੇ ਨਾਮ ਪ੍ਰਮੁੱਖ ਹਨ।

ਯੂਨੀਵਰਸਿਟੀ ਵੱਲੋਂ ਵਿਦਵਾਨਾਂ, ਸਾਹਿਤਕਾਰਾਂ ਅਤੇ ਵਿਦਿਆਰਥੀਆਂ ਨੂੰ ਇਸ ਕਾਨਫ਼ਰੰਸ ਵਿੱਚ ਭਰਵੀਂ ਸ਼ਮੂਲੀਅਤ ਲਈ ਸੱਦਾ ਦਿੱਤਾ ਗਿਆ ਹੈ ਤਾਂ ਜੋ ਇਹ ਕਾਨਫ਼ਰੰਸ ਗਿਆਨ, ਸੰਵਾਦ ਅਤੇ ਸਭਿਆਚਾਰਕ ਸਾਂਝ ਦਾ ਵੱਡਾ ਮੰਚ ਬਣ ਸਕੇ।ਇਸ ਪ੍ਰੈੱਸ ਕਾਨਫਰੰਸ ਵਿਚ ਡਾ. ਕੇ.ਐਸ. ਚਾਹਲ (ਰਜਿਸਟਰਾਰ), ਡਾ. ਸ਼ਾਲਿਨੀ ਬਹਿਲ ( ਕੰਟਰੋਲਰ, ਪਰੀਖਿਆਵਾਂ), ਡਾ. ਵੰਦਨਾ ਭੱਲਾ (ਡਾਇਰੈਕਟਰ, ਖੋਜ), ਡਾ. ਸਤਨਾਮ ਸਿੰਘ ਦਿਓਲ (ਡੀਨ, ਵਿਦਿਆਰਥੀ ਭਲਾਈ), ਡਾ. ਬਲਵਿੰਦਰ ਸਿੰਘ (ਕੋਆਰਡੀਨੇਟਰ, ਗੋਲਡਨ ਜੁਬਲੀ ਸੈਂਟਰ ਫਾਰ ਇੰਟਰਪਰਿਨਿਓਰਸ਼ਿਪ ਐਂਡ ਇਨੋਵੇਸ਼ਨ, ਡਾ. ਰਵਿੰਦਰ ਕੁਮਾਰ (ਡਾਇਰੈਕਟਰ, ਹੋਸਪੀਟੈਲੀਟੀ), ਡਾ. ਸੁਨੀਲ ਕੁਮਾਰ ( ਡੀਨ, ਭਾਸ਼ਾਵਾਂ), ਸ੍ਰੀ ਪ੍ਰਵੀਨ ਪੁਰੀ (ਡਾਇਰੈਕਟਰ, ਲੋਕ ਸੰਪਰਕ ਵਿਭਾਗ) ਵੀ ਸ਼ਾਮਿਲ ਸਨ। ਕਾਨਫਰੰਸ ਦੇ ਅੰਤ ਵਿਚ ਡੀਨ ਅਕਾਦਮਿਕ ਮਾਮਲੇ, ਪ੍ਰੋ. ਐਚ.ਐਸ. ਸੈਣੀ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

# ਗਿਆਨੀ ਸੰਤ ਸਿੰਘ ਮਸਕੀਨ-ਸੰਖੇਪ ਜੀਵਨ



ਜਨਵਰੀ 1934 ਵਾਲੇ ਦਿਨ ਸਿੱਖ ਪੰਥ ਦੇ ਮਕਬੂਲ ਵਿਦਵਾਨ ਗਿਆਨੀ ਸੰਤ ਸਿੰਘ ਮਸਕੀਨ ਦਾ ਜਨਮ ਪਿਤਾ ਸਰਦਾਰ ਕਰਤਾਰ ਸਿੰਘ ਅਤੇ ਮਾਤਾ ਰਾਮ ਕੌਰ ਜੀ ਦੇ ਗ੍ਰਹਿ, ਕਸਬਾ ਲੱਕ ਮਰਵਤ ਜ਼ਿਲ੍ਹਾ ਬੰਨੂ (ਹੁਣ ਪਾਕਿਸਤਾਨ) ਵਿੱਖੇ ਹੋਇਆ।ਗਿਆਨੀ ਸੰਤ ਸਿੰਘ ਮਸਕੀਨ ਦੀ ਛਵੀ ਇਕ ਪ੍ਰਸਿੱਧ ਵਿਆਖਿਆਕਾਰ, ਮਹਾਨ ਕਥਾਵਾਚਕ, ਗੁਰਮਤਿ ਪ੍ਰਚਾਰਕ, ਅਤੇ ਧਾਰਮਿਕ ਜੀਵਨ ਵਾਲੇ ਪੂਰਨ ਗੁਰਸਿੱਖ ਵਜੋਂ ਜਾਣੀ ਜਾਂਦੀ ਹੈ।ਆਪ ਦੀ ਮੁੱਢਲੀ ਵਿੱਦਿਆ ਖਾਲਸਾ ਸਕੂਲ ਲੱਕ ਮਰਵਤ ਪਾਕਿਸਤਾਨ ਵਿੱਖੇ ਹੋਈ। 1947 ਵਿੱਚ ਜਦੋਂ ਦੇਸ਼ ਦੀ ਵੰਡ ਹੋਈ ਉਸ ਵੇਲੇ ਆਪ ਗੌਰਮਿੰਟ ਹਾਈ ਸਕੂਲ ਵਿੱਚ ਪੜ੍ਹਦੇ ਸੋ। ਦੇਸ਼ ਦੀ ਵੰਡ ਹੋ ਜਾਣ ਕਾਰਨ ਆਪ ਮੈਟ੍ਰਿਕ ਦਾ ਇਮਤਿਹਾਨ ਨਾ ਦੇ ਸਕੇ। ਗਿਆਨੀ ਜੀ ਆਪਣੇ ਪ੍ਰੀਵਾਰ ਸਮੇਤ ਰਾਜਸਥਾਨ ਦੇ ਜ਼ਿਲ੍ਹਾ ਅਲਵਰ ਵਿਖੇ ਆਣ ਵੱਸੇ।ਇਥੇ ਆਪ ਜੀ ਦੀ ਦੁਨਿਆਵੀ ਵਿੱਦਿਆ ਤਾਂ ਹੋਰ ਅੱਗੇ ਨਾ ਵੱਧ ਸਕੀ ਪਰ ਅਧਿਆਤਮਕ ਅਤੇ ਆਤਮਿਕ ਵਿੱਦਿਆ ਦੀ ਪ੍ਰਾਪਤੀ ਦੇ ਲਈ ਗਿਆਨੀ ਜੀ, ਬੈਜਨਾਥ ਧਾਮ ਅਤੇ ਕਟਕ ਆਦਿ ਥਾਵਾਂ ਉਤੇ ਸਾਧੂਆਂ ਦੇ ਨਾਲ ਵਿਚਰਦੇ ਰਹੇ।ਇਥੇ ਨਿਰਮਲੇ ਸੰਤ ਗਿਆਨੀ ਬਲਵੰਤ ਸਿੰਘ ਦੇ ਨਾਲ ਆਪ ਦੀ ਮੁਲਾਕਾਤ ਹੋਈ ਅਤੇ ਉਨ੍ਹਾਂ ਪਾਸੋਂ ਬ੍ਰਹਮ ਵਿੱਦਿਆ ਦੇ ਨਾਂ ਹੇਠ ਸਿੱਖਿਆ ਹਾਸਲ ਕੀਤੀ। ਪਰ ਅਸਲ ਗਿਆਨ ਦੀ ਅਜੇ ਵੀ ਤਲਾਸ਼ ਸੀ ਸੋ ਗੁਰਮਤਿ ਗਿਆਨ ਦੇ ਧਾਰਨੀ ਹੋਣ ਤੋਂ ਪਹਿਲਾਂ, ਤਿਆਗੀ ਜੀਵਨ ਕੀ ਹੈ, ਸੰਜਮੀ ਕੌਣ ਹੈ, ਇਨ੍ਹਾਂ ਪ੍ਰਸ਼ਨਾਂ ਦੇ ਨਾਲ ਆਪ ਨੇ ਨਾਮਬਾਣੀ ਦਾ ਵੀ ਡੂੰਘਾ ਅਧਿਐਨ ਅਤੇ ਪਰਯੋਗਾਤਮਕ ਅਭਿਆਸ ਕੀਤਾ। ਅਤੇ ਸਿੱਖੀ ਦੇ ਪ੍ਰਚਾਰ ਹਿੱਤ ਕਥਾ ਕਰਣੀ ਸ਼ੁਰੂ ਕਰ ਦਿੱਤੀ।ਆਪ ਜੀ ਦੇ ਕਥਾ ਕਰਨ ਦਾ ਢੰਗ ਆਮ ਕਥਾਵਾਚਕਾਂ ਵਰਗਾ ਨਹੀਂ ਸੀ ਸਗੋਂ ਆਪ ਜੀ ਦਾ ਆਪਣਾ ਹੀ ਇੱਕ ਵਖਰਾ ਢੰਗ ਅਤੇ ਨਿਆਰਾ ਅੰਦਾਜ਼ ਸੀ ਜੋ ਬਿਲਕੁਲ ਹੀ ਨਿਵੇਕਲਾ ਸੀ।ਬਾਬਾ ਬਲਵੰਤ ਸਿੰਘ ਜੀ ਨੇ ਆਪ ਜੀ ਨੂੰ 'ਮਸਕੀਨ' ਤਖੱਲਸ ਦਿੱਤਾ। ਜਿਸਦੇ ਨਾਲ ਆਪ ਅੱਜ ਵੀ ਸਿੱਖ ਪੰਥ ਵਿੱਚ ਜਾਣੇ ਜਾਂਦੇ ਹੋ।1958 ਵਿੱਚ ਗਿਆਨੀ ਜੀ ਦਾ ਆਨੰਦਕਾਰਜ ਬੀਬੀ ਸੁੰਦਰ ਕੌਰ ਨਾਲ ਹੋਇਆ। ਪਰ ਗ੍ਰਹਿਸਥੀ ਜੀਵਨ ਦੇ ਕਾਰਣ ਆਪ ਨੇ ਆਪਣੀ ਪ੍ਰਚਾਰ ਸਾਧਨਾਂ ਵਿੱਚ ਕੋਈ ਵਿਗਨ ਨਹੀਂ ਪੈਣ ਦਿੱਤਾ। ਭਾਵ ਗ੍ਰਿਸਤੀ ਹੋ ਕੇ ਪ੍ਰਚਾਰ ਦਾ ਕੰਮ ਵੀ ਨਾਲੋ ਨਾਲ ਜਾਰੀ ਰੱਖਿਆ। 1960 ਵਿੱਚ ਆਪ ਨੇ ਅਲਵਰ ਵਿਖੇ ਵਡੇ ਪੈਮਾਨੇ ਉਪਰ ਗੁਰਮਤਿ ਸਮਾਗਮਾਂ ਦੀ ਸ਼ੁਰੂਆਤ ਕੀਤੀ। ਅਲਵਰ ਵਿੱਚ ਹੀ, ਗਿਆਨੀ ਜੀ ਦੀ ਦੇਖ-ਰੇਖ ਹੇਠ ਗੁਰੂ ਨਾਨਕ ਪਬਲਿਕ ਸਕੂਲ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ਼ੁਰੂ ਕੀਤੇ ਗਏ ਸਨ।ਮਸਕੀਨ ਜੀ ਨੇ ਆਪਣੇ ਜੀਵਨ ਕਾਲ ਦੇ 50 ਵਰ੍ਹੇ, ਦੇਸ਼ਾਂ-ਵਿਦੇਸ਼ਾਂ ਵਿੱਚ ਘੁੰਮ ਕੇ ਗੁਰਮਤਿ ਦਾ ਪ੍ਰਚਾਰ ਕੀਤਾ।ਮਸਕੀਨ ਜੀ ਨੇ ਜਿੱਥੇ ਚੰਗੇ ਕਥਾਵਾਚਕ ਹੋਣ ਪੱਖੋਂ ਆਪਣੀ ਪਹਿਚਾਣ ਬਣਾਈ ਉਥੇ ਆਪ ਨੇ ਆਪਣੀ ਕਲਮ ਰਾਹੀਂ ਵੀ ਸਾਹਿਤ ਦੀ ਸੇਵਾ ਨਿਭਾਈ। ਆਪ ਨੇ ਜਪੁ ਨੀਸਾਣ, ਗੁਰਮੱਤ ਚਿੰਤਨ, ਗੁਰੂ ਜੋਤੀ, ਬ੍ਰਹਮ ਗਿਆਨ, ਤੀਜਾ ਨੇਤਰ, ਪੰਜ ਤੱਤ, ਧਰਮ ਅਤੇ ਮਨੁੱਖ, ਆਦਿ ਪੁਸਤਕਾਂ ਸਿੱਖ ਪੰਥ ਦੀ ਝੋਲੀ ਪਾਈਆਂ।20 ਮਾਰਚ 2005 ਵਾਲੇ ਦਿਨ ਸ੍ਰੀ ਅਕਾਲ ਤਖ਼ਤ ਤੋਂ ਮਸਕੀਨ ਜੀ ਨੂੰ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ, 'ਗੁਰਮਤਿ ਵਿੱਦਿਆ ਮਾਰਤੰਡ' ਦੀ ਉਪਾਧੀ ਦੇ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਹੁਣਾਂ ਵੱਲੋਂ, ਮਸਕੀਨ ਜੀ ਦੀ ਧਰਮ ਸੁਪਤਨੀ ਬੀਬੀ ਸੁੰਦਰ ਕੌਰ ਨੇ ਹਾਸਲ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਨੂੰ 'ਭਾਈ ਗੁਰਦਾਸ ਐਵਾਰਡ ' ਨਾਲ ਸਨਮਾਨਤ ਕੀਤਾ ਗਿਆ।18 ਫਰਵਰੀ, 2005 ਈ. ਵਾਲੇ ਦਿਨ ਸ਼ੁੱਕਰਵਾਰ ਵਾਲਾ ਦਿਨ ਸੀ ਅਤੇ ਇਟਾਵਾ, ਉੱਤਰ ਪ੍ਰਦੇਸ਼, ਵਿਖੇ ਆਪ ਪ੍ਰਚਾਰ ਦੌਰ ਉਪਰ ਗਏ ਹੋਏ ਸਨ। 17 ਫਰਵਰੀ, 2005 ਦੀ ਰਾਤ ਆਪ ਨੇ ਗੁਰਦੁਆਰਾ ਸਾਹਿਬ ਵਿਖੇ ਕਥਾ ਕੀਤੀ ਅਤੇ ਅਗਲੇ ਦਿਨ ਦਿਲ ਦੀ ਗਤੀ ਰੁਕ ਜਾਣ ਕਾਰਣ 71 ਸਾਲ ਦੀ ਉਮਰ ਭੋਗ ਕੇ, ਪੰਥ ਦੇ ਵਿਦਵਾਨ, ਕਥਾਵਾਚਕ, ਗਿਆਨੀ ਸੰਤ ਸਿੰਘ ਜੀ ਮਸਕੀਨ, ਗੁਰੂ ਚਰਨਾਂ ਵਿੱਚ ਜਾ ਬਿਰਾਜੇ।

**ਗਿਆਨੀ ਪਰਮਜੀਤ ਸਿੰਘ ਦੁਮੇਲੀ**

# ਸਿੱਖ ਕਰਮ ਯੋਗੀ ਹਨ

ਕਰਮ ਯੋਗ ਕੰਮ ਕਰਨ ਦਾ ਨਾਂ ਹੈ। ਉੱਦਮ ਹਿੰਮਤ ਦਾ ਤੱਤ ਹੈ, ਜੀਵਨ ਦਾ ਆਸਰਾ ਹੈ। ਏਹਦੇ ਵਿਚ ਅਗਾਂਹ ਵਧਾਊ ਤਾਕਤ ਹੈ, ਨਵਾਂ ਰੰਗ ਅਪਣਾਉਣ ਦੀ ਸੱਤਿਆ ਹੈ। ਕਰਮ ਯੋਗ, ਰਾਜ ਨੂੰ ਉਲਟ ਪੁਲਟ ਕਰਨ ਨੂੰ ਹੀ, ਨਹੀਂ ਕਹਿੰਦੇ। ਦੂਜਿਆਂ ਲਫ਼ਜ਼ਾਂ ਵਿਚ ਕਰਮ ਯੋਗ ਹੱਥਾਂ ਪੈਰਾਂ ਨਾਲ ਹੀ ਸਬੰਧ ਨਹੀਂ ਰਖਦਾ, ਏਹਦਾ ਰਿਸ਼ਤਾ ਦਿਮਾਗ਼ ਨਾਲ ਵੀ ਹੈ। ਸ਼ੰਕਰਾਚਾਰੀਆ ਨੂੰ ਦਿਮਾਗੀ ਕਰਮ ਯੋਗੀ ਕਹਿ ਸਕਦੇ ਹਾਂ। ਓਹਨੇ ਦਿਮਾਗ਼ ਲੜਾਇਆ, ਲੋਕਾਂ ਨੂੰ ਆਪਣੇ ਵੱਲ ਖਿੱਚਿਆ ਤੇ ਬੋਧਾਂ ਨੂੰ ਉਲਟਾਇਆ।

ਕਈ ਦਿਮਾਗ਼, ਤਸੱਵਰ ਵਿਚ ਰਹਿਣਾ ਚਾਹੁੰਦੇ ਹਨ, ਜਾਂ ਖ਼ਿਆਲੀ ਮਹਿਲਾਂ ਵਿਚ ਹੀ ਵਸਣਾ ਲੋੜਦੇ ਹਨ, ਦੁਨੀਆਂ ਨੂੰ ਗੁੰਝਲਾਂ ਵਿਚ ਪਾ ਦੇਂਦੇ ਹਨ । ਓਹ ਕਰਮ ਯੋਗੀ ਕੀ ਹੋਏ ? ਸਾਹ ਲੈਣੀਆਂ ਲੋਥਾਂ ਸਮਝੋ ।ਸਿੱਖਾਂ ਦਾ ਫ਼ਲਸਫ਼ਾ ਹੀ ਕਰਮ ਯੋਗ ਹੈ। ਏਹ ਦਿਮਾਗ਼ ਤੋਂ ਜ਼ਰਾ ਸੂਝ ਲੈ ਕੇ, ਬਸ ਓਸ ਉੱਤੇ ਤਨ, ਮਨ ਤੇ ਧਨ ਕਰ ਕੇ ਲੱਗ ਜਾਂਦੇ ਹਨ। ਏਹਨਾਂ ਦੇ ਕਰਮ ਯੋਗ ਦੇ ਦੋ ਟੀਚੇ ਹਨ । ਪਹਿਲਾਂ ਆਪਣੇ ਆਪ ਨੂੰ ਸੁਧਾਰਨਾ ਤੇ ਦੂਜਾ ਸਰਬੱਤ ਦਾ ਭਲਾ ਕਰਨਾ ।

ਗੁਰੂ ਸਾਹਿਬਾਨ ਵੇਲੇ ਸਿੱਖਾਂ ਦਾ ਚਾਲ-ਚਲਣ ਉੱਚਾ ਹੋ ਚੁੱਕਾ ਸੀ, ਪਿੱਛੋਂ ਵੀ ਖ਼ਾਸ ਡਿੱਗਾ ਨਹੀਂ । ਅਬਦਾਲੀ ਦੇ ਨਾਲ ਓਹਦਾ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਵੀ ਸੀ । ਸਿੱਖਾਂ ਦਾ ਵੈਰੀ ਹੋਂਦਾ ਹੋਇਆ ਵੀ, ਏਹਨਾਂ ਦੇ ਚਾਲ ਚਲਣ ਨੂੰ ਖੁਲ੍ਹੇ ਦਿਲ ਨਾਲ ਸਲਾਹ ਗਿਆ।ਦੂਜੀ ਗੱਲ, ਸਰਬੱਤ ਦਾ ਭਲਾ। ਪਹਿਲੀ ਪਾਤਸ਼ਾਹੀ ਨੇ ਸਮੇਂ ਅਨੁਸਾਰ ਲੋਕ ਸੇਵਾ ਦੀ ਸੋਹਣੀ ਪਿਰਤ ਪਾਈ । ਲੰਗਰ ਲਾਉਂਦੇ, ਦੀਵਾਨ ਸਜਾਉਂਦੇ ਸਨ। ਏਹ ਸਭ ਗੱਲਾਂ, ਸਰਬੱਤ ਦੇ ਭਲੇ ਲਈ ਹੀਲੇ ਸਨ । ਅਖ਼ੀਰ ਏਸ ਟੀਚੇ 'ਤੇ ਅਪੜਨ ਲਈ, ਆਪਣੀਆਂ ਜਾਨਾਂ ਵੀ ਕੁਰਬਾਨ ਕੀਤੀਆਂ। ਗੁਰੂ ਸਾਹਿਬਾਨ ਹੀ ਨਹੀਂ, ਸਗੋਂ ਸਿੱਖ ਤੇ ਮਿਸਲਾਂ ਵਾਲੇ ਬੀਰ ਵੀ ਕਮਜ਼ੋਰਾਂ ਲਈ ਲੜੇ। ਮਹਾਰਾਜਾ ਰਣਜੀਤ ਸਿੰਘ ਦਾ ਨਿਸ਼ਾਨਾ ਵੀ ਬਹੁਤ ਹੱਦ ਤਕ, ਲੋਕ ਭਲਾਈ ਜਾਂ ਸਰਬੱਤ ਦਾ ਭਲਾ ਕਰਨਾ ਹੀ ਸੀ। ਏਸ ਵੇਲੇ ਸਾਡੇ ਵਿਚ ਕੁਝ ਲੋਭ ਤੇ ਕੁਝ ਈਰਖਾ ਨੇ ਆ ਪਥਾੜਾ ਪਾਇਆ । ਮਤਲਬ ਕੀ ਕਿ ਸਾਡੇ ਸੁਭਾ ਵਿਚ ਗਿਰਾਵਟ ਆਉਣ ਲੱਗੀ, ਜਾਂ ਇਉਂ ਸਮਝੋ ਪਈ ਅਸੀਂ ਕਰਮ ਯੋਗ ਤੋਂ ਹਟਣ ਲੱਗੇ । ਸਿੱਟਾ ਨਿਕਲਿਆ, ਰਾਜ ਦੀ ਬਰਬਾਦੀ।ਸਾਡਾ ਕਰਮ ਯੋਗੀ ਇਤਿਹਾਸ, ਓਸ ਦਰਿਆ ਵਾਂਗ ਹੈ, ਜੋ ਪਹਿਲਾਂ ਕਿਰਨਾਂ ਦੇ ਨਿਘ ਨਾਲ ਵਹਿੰਦਾ । ਥੋੜ੍ਹਾ-ਥੋੜ੍ਹਾ ਚਲਦਿਆਂ ਸੋਹਣਾ ਲਗਦਾ ਹੈ। ਬਹੁਤਿਆਂਨੂੰ ਏਹ ਨਹੀਂ ਪਤਾ ਲੱਗਦਾ ਪਈ ਏਹਨੇ ਵੱਡੇ ਵੀ ਹੋਣਾ ਹੈ, ਪਰ ਨਾਲਾ ਕਰਮ ਯੋਗੀ ਹੋਂਦਾ ਹੈ, ਓਹਨੇ ਟੀਚਾ ਮਿੱਥ ਲਿਆ ਹੋਂਦਾ ਹੈ। ਜਿਹੜਾ ਆਪਣੇ ਨਿਸ਼ਾਨੇ ਉੱਤੇ ਜਾਣ ਵਿਚ, ਕਾਮਯਾਬ ਹੋਈ ਜਾਵੇ, ਓਹਨੂੰ ਮਿਤਰ ਵੀ ਦੇਖ ਕੇ ਈਰਖਾ ਕਰਦੇ ਤੇ ਢੰਗ ਨਾਲ ਹਟਕਣਾ-ਹੋੜਨਾ ਚਾਹੁੰਦੇ ਹਨ। ਨਾਲਾ, ਲੋਕ-ਹਿਤ ਦਾ ਨਾਅਰਾ ਲਾਂਦਾ, ਪੱਥਰ ਚੀਰਦਾ ਤੇ ਸਿਲਾਂ ਪਟਕਾਂਦਾ ਹੋਇਆ, ਮੁੜ ਮੁੜਾ ਕੇ ਅਗਾਂਹ ਵਧਦਾ ਹੈ ।

ਅਖ਼ੀਰ ਦਰਿਆ ਬਣ ਕੇ, ਉਜੜੇ ਥੇਹ ਵਸਾਉਂਦਾ ਹੈ ।ਹੁਣ, ਤੁਸੀਂ ਗੁਰੂ ਨਾਨਕ ਸਾਹਿਬ ਵੱਲ ਧਿਆਨ ਧਰੋ । ਲੋਕ-ਹਿੱਤ ਦੀ ਗਰਮੀਨਾਲ ਹਿਰਦਾ ਪੰਘਰਿਆ, ਖ਼ੁਦਾਈ-ਖ਼ਿਦਮਤ ਦੇ ਟੀਚੇ ਵੱਲ ਵਹਿਣ ਲੱਗੇ । ਪੰਜਾਂ ਗੁਰੂਆਂ ਤਕ, ਹਾਕਮਾਂ ਨੂੰ ਨਿੱਕਾ ਜਿਹਾ ਨਾਲਾ ਸੋਹਣਾ ਲੱਗਾ । ਹੁਣ ਇਹ ਜ਼ੋਰ ਨਾਲ ਚੱਲਣ ਲੱਗ ਪਿਆ । ਸਰਬੱਤ ਦਾ ਭਲਾ ਉੱਚੀ ਉੱਚੀ ਕੂਕਣ ਲੱਗ ਪਿਆ। ਰਾਹ ਵਿਚ ਅਟਕਾ ਆਏ, ਪਰ ਦੁਖ ਸਹਿ ਵਹਿੰਦਾ ਗਿਆ । ਬਿਖੜੇ ਪੈਂਡੇ ਪਹਾੜੀ ਰਾਜੇ, ਪੱਥਰਾਂ ਵਾਂਗ ਆਏ, ਏਹ ਚੀਰਦਾ ਅਗਾਂਹ ਵਧਿਆ। ਰਣਜੀਤ ਸਿੰਘ ਵੇਲੇ ਦਰਿਆ ਬਣ ਗਿਆ । ਸਾਡਾ ਕਰਮ ਯੋਗ ਰਣਜੀਤ ਸਿੰਘ ਤੋੜੀ ਸਾਫ਼ ਰਿਹਾ। ਪਿੱਛੋਂ ਸੁਭਾ ਡਿੱਗੇ, ਸਮਝੋ ਸਿਆਲੇ ਦੀ ਰੁੱਤ ਆਈ, ਏਹ ਸੁੱਕ ਗਿਆ। ਏਹ ਦੋ ਧਾਰਾਂ ਮੁੜ ਚਲੀਆਂ, ਇਕ ਤਾਂ ਸ਼ਾਮ ਸਿੰਘ ਅਟਾਰੀਏ ਦੀ ਸ਼ਹਾਦਤ ਸੀ ਤੇ ਦੂਜੀ ਚੇਲੀਆਂ ਵਾਲੇ ਦੀ ਜਿੱਤ । ਮਗਰੋਂ ਅਸੀਂ ਕਰਮ ਯੋਗੀ ਨ ਰਹੇ। ਆਪਣਿਆਂ ਪੈਰਾਂ ਤੋਂ ਥਿੜਕ ਚੁੱਕੇ ਸਾਂ ਤੇ ਹੁਣ ਅਸਾਂ ਸਰਬੱਤ ਦਾ ਭਲਾ ਕੀ ਕਰਨਾ ਸੀ ?ਦਇਆ ਨੰਦ ਦਾ ਜ਼ੋਰ ਹੋਇਆ। ਅਸੀਂ ਵੀ ਜਾਗੇ, ਪਰ ਆਪਣੇ ਲਈ, ਵੱਡੇ ਟੀਚਿਓਂ ਖੁੰਝ ਚੁੱਕੇ ਸਾਂ । ਅਕਾਲੀ ਲਹਿਰ ਵੇਲੇ ਸਾਡਾ ਟੀਚਾ ਕੁਝ ਖੁੱਲ੍ਹਾ ਹੋਇਆ; ਕਿਉਂਕਿ ਅਸੀਂ ਕਰਮ ਯੋਗੀ ਹਾਂ, ਸਾਡੀ ਬਿਰਤੀ ਨਵੇਂ ਖ਼ਿਆਲ ਵੱਲ ਝੁਕਦੀ ਗਈ।ਏਸੇ ਕਰ ਕੇ ਸਾਡੇ ਵਿਚ ਕਮਿਊਨਿਸਟਾਂ ਦਾ ਪ੍ਰਚਾਰ ਸਭ ਨਾਲੋਂ ਵਧੇਰੇ ਸੀ, ਪਰ ਜਿਸ ਵੇਲੇ ਉਹ ਪਿਛਾਂਹ ਖਿੱਚੂ ਧੜੇ ਨਾਲ ਮਿਲਦੇ ਤੱਕੇ, ਤਾਂ ਅਸਾਂ ਅਸੈਂਬਲੀ ਦੀ ਇਕ ਸੀਟ ਵੀ ਓਹਨਾਂ ਦੇ ਪੱਲੇ ਨੇ ਪਾਈ; ਭਾਵੇਂ ਹੋਰ ਸੂਬਿਆਂ ਵਿਚ, ਓਹਨਾਂ ਦਾ ਨਾਮ ਮਾਤ੍ਰ ਦਾਲ-ਦਲੀਆ ਹੋ ਹੀ ਗਿਆ।ਕੁਝ ਸਾਲਾਂ ਤੋਂ, ਕੁਝ ਅਕਾਲੀ ਸਿੰਘ ਢਿੱਲੇ ਹੋ ਗਏ ਸਨ । ਕਰਮ ਯੋਗੀ ਸਿੱਖਾਂ ਬਰਖ਼ਿਲਾਫ਼ ਆਵਾਜ਼ ਉਠਾਈ।

ਅਖ਼ੀਰ ਸਾਰੇ ਸਿੱਖ ਕਰਮ ਯੋਗੀ ਹੀ ਹਨ। ਕਰਮ ਯੋਗੀ ਹਰ ਵਕਤ ਜ਼ੁਲਮ ਵਿਰੁੱਧ ਹੁੰਦਾ ਹੈ, ਜ਼ੁਲਮ ਵਿਚ ਜ਼ਾਲਮ ਦੀ ਮਨ ਮਰਜ਼ੀ ਹੋਂਦੀ ਹੈ। ਮਨ ਮਰਜ਼ੀ ਜਾਂ ਖ਼ੁਦ ਗਰਜ਼ੀ ਲੋਕ-ਭਲਾਈ ਜਾਂ ਸਰਬੱਤ ਦਾ ਭਲਾ ਨਹੀਂ ਕਰ ਸਕਦੀ । ਸਿੱਖ ਏਸੇ ਕਰ ਕੇ ਪਾਕਿਸਤਾਨ ਦੇ ਖ਼ਿਲਾਫ਼ ਸਨ। ਕਿਉਂਕਿ ਉਸ ਵਿਚ ਇਕ ਧੜੇ ਨੇ ਮਨ ਮਰਜ਼ੀ ਕਰਨੀ ਸੀ ।ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਕਰਮ ਯੋਗ ਨਵਾਂ ਰੰਗ ਲੈਂਦਾ ਹੈ ਜਾਂ ਨਵੀਆਂ ਨਵੀਆਂ ਕਾਢਾਂ ਕੱਢਦਾ ਹੈ । ਸਿੱਖਾਂ ਨੇ ਕਿਸ ਕਿਸ ਉੱਤੇ ਨਵਾਂ ਰੰਗ ਚਾੜ੍ਹਿਆ ਹੈ, ਦੋ ਚਾਰ ਗੱਲਾਂ ਬਾਬਤ ਹੀ ਸਰਸਰੀ ਲਿਖਿਆ ਜਾਏਗਾ। ਸਿੱਖਾਂ ਸ਼ਾਂਤੀ ਅਪਣਾਈਤਾਂ ਹੱਦ ਦਰਜੇ ਦੀ ਦਿਖਾਈ । ਉਬਲਦੀਆਂ ਦੇਗਾਂ ਵਿਚ ਸੀ ਨਾ ਕੀਤੀ, ਤੱਤੀਆਂ ਤਵੀਆਂ ਸੀਤਲ ਜਾਪੀਆਂ। ਖੱਲਾਂ ਲੁਹਾਉਣ ਵੇਲੇ ਕੁਸਕੇ ਨਾ, ਸਿਰੀਂ ਆਰੇ ਧਰਵਾਉਣ ਵੇਲੇ ਹਿੱਲੇ ਨਾ । ਹਿੰਦ ਦੇ ਇਤਿਹਾਸ ਵਿਚ, ਸ਼ਾਂਤੀ ਦੀਆਂ ਅਨਹੋਣੀਆਂ ਮਿਸਾਲਾਂ ਕਾਇਮ ਕਰ ਦਿਖਾਈਆਂ। ਜੰਗ ਜੁੱਧ ਕੀਤੇ, ਤਾਂ ਪੁਰਾਣਾ ਚਤਰੰਗਣੀ ਦਲ ਦਾ ਤਰੀਕਾ ਛੱਡ ਦਿੱਤਾ । ਕਮਾਨ ਵਾਂਗ ਫ਼ੌਜਾਂ ਖਲਿਹਾਰਨੀਆਂ ਸ਼ੁਰੂ ਕੀਤੀਆਂ।ਜਦੋਂ ਵਧਦੇ ਸਨ, ਸੱਜੇ ਖੱਬੇ ਪਾਸੇ ਅਗਾਂਹ ਹੋਦੇ ਜਾਂਦੇ ਸਨ, ਦੁਸ਼ਮਨ ਘੇਰੇ ਵਿਚ ਆ ਜਾਂਦਾ ਸੀ । ਇੰਵ ਪੁੱਠੀ ਕਮਾਨ ਦੀ ਸ਼ਕਲ ਹੋ ਜਾਂਦੀ ਸੀ । ਜਦੋਂ ਧਕੀਣੇ ਸ਼ੁਰੂ ਹੋਂਦੇ ਸਨ, ਤਾਂ ਵਿਚਲਾ ਹਿੱਸਾ ਅਗਾਂਹ ਲੜਦਾ ਤੇ ਸੱਜਾ ਖੱਬਾ ਪਾਸਾ ਅੰਦਰ ਸੁੰਗੜਦਾ ਆਉਂਦਾ, ਜਿਸ ਤਰ੍ਹਾਂ ਕਮਾਨ ਕੰਨਾਂ ਤਕ ਖਿੱਚ ਕੇ ਸ਼ਕਲ ਬਣਦੀ ਹੈ; ਏਸ ਤਰ੍ਹਾਂ ਹੋ ਜਾਂਦੀ ਸੀ। ਵਿਚਕਾਹੇ ਸਾਮਾਨ ਵਗ਼ੈਰਾ ਹੋਂਦਾ ਸੀ । ਸਭਰਾਵਾਂ ਵੇਲੇ ਸਿੰਘ ਈਕੁਣ ਹੀ ਪਿੱਛੇ ਹਟੇ ਸਨ। ਸਰਦਾਰ ਸ਼ਾਮ ਸਿੰਘ ਨੇ ਹੁਕਮ ਦਿੱਤਾ ਸੀ, 'ਖਾਲਸਾ ਜੀ ਕਮਾਨ ਗੋਸ਼ੇ ਹੋ ਜਾਓ।' ਸਿੱਖ ਰਾਜ ਦੇ ਪਿਆਰੇ ਕਵੀ ਸ਼ਾਹ ਮੁਹੰਮਦ ਨੇ ਵੀ ਕਮਾਨ ਗੋਸ਼ੇ ਦਾ ਇਸ਼ਾਰਾ ਕੀਤਾ ਹੈ ।

ਖੰਡਾ ਹਥਿਆਰ ਸਿੱਖਾਂ ਨੇ ਬਣਾਇਆ ਸੀ।ਸਿੱਖਾਂ, ਮੋਹਰਾ-ਕਸ਼ੀ ਵਿਚ ਨਵੀਂ ਰੰਗਤ ਪੈਦਾ ਕੀਤੀ । ਫੁੱਲ-ਬੂਟੇ ਮੁਸਲਿਮ ਭਾਈਆਂ ਤੋਂ ਕਾਫ਼ੀ ਮਹੀਨ ਬਣਾਏ। ਨਮੂਨੇ ਲਈ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮੋਹਰਾ-ਕਸ਼ੀ ਤੱਕੋ। ਫੁੱਲ-ਬੂਟਿਆਂ ਤੋਂ ਛੁੱਟ ਮੁਸੱਵਰਾਂ ਵਿਚ, ਮੁਗਲਈ ਤੇ ਕਾਂਗੜਾ ਕਲਮ ਨਾਲੋਂ ਵੱਖਰੀ ਰੰਗਤ ਰੱਖੀ। ਗੁਰੂ ਗ੍ਰੰਥ ਸਾਹਿਬ ਵਿਚ ਕਈ ਸੰਗੀਤਾਂ ਨਾਲੋਂ ਰਾਗ ਜ਼ਿਆਦਾ ਹਨ । ਸਰਦਾ ਸਾਜ਼ ਸਿੱਖਾਂ ਨੇ ਬਣਾਇਆ। ਛੀਂਬੇ, ਨਾਈਂ, ਚਮਿਆਰ ਦੀ ਕਵਿਤਾ ਨੂੰ, ਗੁਰੂ ਸਾਹਿਬਾਨ ਦੀ ਬਾਣੀ ਨਾਲ ਰੱਖਣਾ, ਹੱਦੋਂ ਵੱਧ ਅਗਾਂਹ ਵਧੂ ਬਿਰਤੀ ਦਾ ਚਮਤਕਾਰਾ ਹੈ।ਪਹਿਲਾਂ ਦੱਸਿਆ ਗਿਆ ਹੈ ਪਈ ਇਕ ਗੱਲ ਪਹਿਲਾਂ ਸੋਚ ਕੇ, ਫੇਰ ਤੁਰ ਪੈਂਦੇ ਹਨ । ਤਸੱਵਰੀ ਜਾਲ ਵਿਚ ਨਹੀਂ ਫਸਦੇ। ਅਮਲੀ ਗੱਲ ਉੱਤੇ ਰੀਝ ਪੈਂਦੇ ਹਨ। ਏਸ ਕਰ ਕੇ ਏਹਨਾਂ ਦੇ ਇਤਿਹਾਸ ਦਾ ਪੱਤਰਾ-ਪੱਤਰਾ ਸ਼ਹੀਦੀਆਂ ਨਾਲ ਭਰਿਆ ਪਿਆ ਹੈ।ਜਾਂ ਸ਼ਹੀਦੀਆਂ ਦਾ ਸਮਾਂ ਆਇਆ ਤਾਂ ਪਹਿਲਾਂ ਅਜ਼ਾਦ ਹਿੰਦ ਫੌਜ ਦਾ ਬਾਨੀ ਸਿੱਖ ਮੋਹਨ ਸਿੰਘ ਹੀ ਨਿੱਤਰਿਆ। ਕਰਮ ਯੋਗੀ ਜਿੰਦ ਨੂੰ ਪਿਆਰਦਾ ਨਹੀਂ, ਪਰ ਭੰਗ ਭਾੜੇ ਵੀ ਨਹੀਂ ਗਵਾਉਂਦਾ। ਸਿੱਖ ਵੀ ਸਮਝ ਕੇ ਜਿੰਦ ਦੇਂਦਾ ਹੈ। ਸਾਡੀਆਂ ਸ਼ਹੀਦੀਆਂ ਰੰਗ ਕਿਉਂ ਲਾ ਦੇਂਦੀਆਂ ਸਨ ? ਅਸੀਂ ਸਮਝ ਕੇ ਸ਼ਹੀਦੀ ਬਾਟੇ ਛਕਦੇ ।ਭਾਵੇਂ ਸਿੱਖਾਂ ਦੇ ਸਿਰ ਉੱਤੇ ਕਿੰਨੀਆਂ ਔਕੜਾਂ ਆਉਣ, ਜਿੰਨਾ ਚਿਰ ਇਹ ਕਰਮ ਯੋਗੀ ਰਹਿਣਗੇ, ਦਬੀਣਗੇ ਨਹੀਂ, ਸਗੋਂ ਚੜ੍ਹਦੀਆਂ ਕਲਾਂ ਵਿਚ ਜਾਣਗੇ।

ਖੰਡਾ ਹਥਿਆਰ ਸਿੱਖਾਂ ਨੇ ਬਣਾਇਆ ਸੀ।ਸਿੱਖਾਂ, ਮੋਹਰਾ-ਕਸ਼ੀ ਵਿਚ ਨਵੀਂ ਰੰਗਤ ਪੈਦਾ ਕੀਤੀ । ਫੁੱਲ-ਬੂਟੇ ਮੁਸਲਿਮ ਭਾਈਆਂ ਤੋਂ ਕਾਫ਼ੀ ਮਹੀਨ ਬਣਾਏ। ਨਮੂਨੇ ਲਈ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮੋਹਰਾ-ਕਸ਼ੀ ਤੱਕੋ। ਫੁੱਲ-ਬੂਟਿਆਂ ਤੋਂ ਛੁੱਟ ਮੁਸੱਵਰਾਂ ਵਿਚ, ਮੁਗਲਈ ਤੇ ਕਾਂਗੜਾ ਕਲਮ ਨਾਲੋਂ ਵੱਖਰੀ ਰੰਗਤ ਰੱਖੀ। ਗੁਰੂ ਗ੍ਰੰਥ ਸਾਹਿਬ ਵਿਚ ਕਈ ਸੰਗੀਤਾਂ ਨਾਲੋਂ ਰਾਗ ਜ਼ਿਆਦਾ ਹਨ । ਸਰਦਾ ਸਾਜ਼ ਸਿੱਖਾਂ ਨੇ ਬਣਾਇਆ। ਛੀਂਬੇ, ਨਾਈਂ, ਚਮਿਆਰ ਦੀ ਕਵਿਤਾ ਨੂੰ, ਗੁਰੂ ਸਾਹਿਬਾਨ ਦੀ ਬਾਣੀ ਨਾਲ ਰੱਖਣਾ, ਹੱਦੋਂ ਵੱਧ ਅਗਾਂਹ ਵਧੂ ਬਿਰਤੀ ਦਾ ਚਮਤਕਾਰਾ ਹੈ।ਪਹਿਲਾਂ ਦੱਸਿਆ ਗਿਆ ਹੈ ਪਈ ਇਕ ਗੱਲ ਪਹਿਲਾਂ ਸੋਚ ਕੇ, ਫੇਰ ਤੁਰ ਪੈਂਦੇ ਹਨ । ਤਸੱਵਰੀ ਜਾਲ ਵਿਚ ਨਹੀਂ ਫਸਦੇ। ਅਮਲੀ ਗੱਲ ਉੱਤੇ ਰੀਝ ਪੈਂਦੇ ਹਨ। ਏਸ ਕਰ ਕੇ ਏਹਨਾਂ ਦੇ ਇਤਿਹਾਸ ਦਾ ਪੱਤਰਾ-ਪੱਤਰਾ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

**ਹਰਿੰਦਰ ਸਿੰਘ ਰੂਪ**

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੯੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੯੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੯੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




# ਇੱਕ ਕੋਸ਼ਿਸ਼

## ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

## ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar